# ਪ੍ਰਧਾਨ ਡੂੰਗਰ ਸਿੰਘ

(ਮੰਚ 'ਤੇ ਧੁੰਦਲੀ ਜਿਹੀ ਰੋਸ਼ਨੀ ਹੌਲੇ ਹੌਲੇ ਲਾਟ 'ਤੇ ਪੈਂਦੀ ਹੈ। ਇਹ ਲਾਟ ਲਾਲ ਰੰਗ ਦੀ ਹੈ। ਕਮਿਊਨਿਸਟ ਇਨਕਲਾਬੀਆਂ ਦੇ ਪਿੰਡਾਂ ਵਿਚ ਇਹੋ ਜਿਹੀਆਂ ਯਾਦਗਾਰੀ ਲਾਟਾਂ ਪਿੰਡ ਦੇ ਬਾਹਰ ਖੇਤਾਂ ਵਿਚ ਮਿਲਦੀਆਂ ਹਨ। ਇਹ ਔਰਤ ਪਿਆਰੋ, ਜਿਸਨੇ ਉਪਰ ਇਕ ਕਾਲੀ ਚਾਦਰ ਦੀ ਬੁੱਕਲ ਹੈ, ਹੌਲੇ ਹੌਲੇ ਤੁਰਦੀ ਲਾਟ ਦੇ ਅੱਗੇ ਆਉਂਦੀ ਹੈ। ਸ਼ਰਧਾ ਨਾਲ ਹੱਥ ਜੋੜਦੀ ਹੈ, ਸਿਰ ਝੁਕਾਉਂਦੀ ਹੈ, ਫੇਰ ਆਪਣੇ ਪਲੇ ਥਲਿਓਂ ਇਕ ਲਾਲ ਝੰਡੀ ਕੱਢਦੀ ਹੈ। ਬੜੀ ਸ਼ਰਧਾ ਨਾਲ ਉਸ ਨੂੰ ਖੋਲਦੀ ਹੈ। ਦਰਸ਼ਕ ਉਸ ਉਤੇ ਲਿਖੇ ਸ਼ਬਦ ਪੜ੍ਹ ਸਕਦੇ ਹਨ। ਡੂੰਗਰ ਸਿੰਘ ਦੀ ਝੰਡੀ, ਝੰਡੀ ਫੇਰ ਲਾਟ 'ਤੇ ਚੜਾਉਂਦੀ ਹੈ। ਹੇਠ ਲਿਖੇ ਬੋਲ ਬੋਲਦੀ ਹੈ।)

ਤੇਰੀ ਝੰਡੀ ਵੇ ਗਰੀਬਾਂ ਦੇ ਹਾਮੀਆ
ਯੁੱਗ ਯੁੱਗ ਰਹੇ ਝੂਲਦੀ
ਮੇਰੀ ਸ਼ਰਧਾ ਦੇ ਫੁੱਲਾਂ ਨੂੰ ਕਬੂਲ ਲਈਂ
ਮੈਂ ਰਹਾਂ ਤੇਰਾ ਪਿੱਛਾ ਪੂਰਦੀ।

*(ਫੇਰ ਡੰਡੀਓ ਡੰਡੀ ਵਾਪਸ ਮੁੜਦੀ ਹੈ... .. .)*

ਨੋਟ : ਇਹ ਡੰਡੀ ਲੰਮੀ ਚਿੱਟੀ ਚਾਦਰ ਵੱਲ ਜਾਂਦੀ ਰੋਸ਼ਨੀ ਵਿਚ ਦਿਖਾਈ ਜਾ ਸਕਦੀ ਹੈ।

(ਪਹਿਲੇ ਦ੍ਰਿਸ਼ ਦੇ ਫੇਡ ਆਊਟ ਹੋਣ 'ਤੇ ਰੋਸ਼ਨੀ ਇਕ ਸਪਾਟ 'ਤੇ ਪੈਂਦੀ ਹੈ। ਡੂੰਗਰ ਸਿੰਘ (1) ਖੇਸ ਲਪੇਟੀ ਇਕ ਬਜ਼ੁਰਗ ਦੇ ਰੂਪ ਵਿਚ ਦਰਸ਼ਕਾਂ ਨੂੰ ਸੰਬੋਧਨ ਹੁੰਦਾ ਹੈ।)

ਡੂੰਗਰ ਸਿੰਘ (1): ਦਰਸ਼ਕੋ, ਇਹ ਲਾਟ ਮੇਰੀ ਹੀ ਯਾਦ ਵਿਚ ਬਣਾਈ ਗਈ ਲਾਟ ਹੈ। ਮੇਰੇ ਬਾਰੇ ਬਾਰੂ ਸਤਵਰਗ ਨੇ ਇਕ ਨਾਵਲ ਲਿਖਿਆ ਹੈ ਸ਼ਰਧਾ ਦੇ ਫੁੱਲ, ਮੈਂ ਉਹਦਾ ਨਾਇਕ ਹਾਂ। ਮੈਂ ਆਪਣੀ ਜ਼ਿੰਦਗੀ ਦਾ ਸਫਰ ਮੁੱਕਾ ਚੁੱਕਾ ਹਾਂ। ਪਰ ਬਾਰੂ ਸਤਵਰਗ ਨੇ ਮੇਰੀ ਕਹਾਣੀ ਲਿਖ ਕੇ ਮੈਨੂੰ ਤੁਹਾਡੇ ਰੂਬਰੂ ਖੜਾ ਕਰ ਦਿੱਤਾ ਹੈ। ਮੈਂ ਦੋ ਰੂਪਾਂ 'ਚ ਤੁਹਾਡੇ ਰੂਬਰੂ ਹੋਵਾਂਗਾ। ਇਕ ਕਥਾਕਾਰ ਡੂੰਗਰ ਸਿੰਘ ਤੇ ਇਕ ਜ਼ਿੰਦਗੀ ਵਿਚ ਵਿਚਰਦਾ ਡੂੰਗਰ ਸਿੰਘ। ਮੈਂ ਡੂੰਗਰ ਸਿੰਘ ਪ੍ਰਧਾਨ ਹਾਂ।

ਡੂੰਗਰਾਸਿੰਘਾ(2) : ਕਿਸੇ ਵੇਲੇ ਡੂੰਗਰ ਸਿੰਘ ਪਹਿਲਵਾਨ, ਡੂੰਗਰ ਸਿੰਘ ਕਾਮਰੇਡ ਦੇ ਨਾਂ ਨਾਲ ਵੀ ਜਾਣਿਆ ਗਿਆ ਹਾਂ।

ਡੂੰਗਰ ਸਿੰਘ (1) : ਮੈਨੂੰ ਮੇਰੀ ਜ਼ਿੰਦਗੀ ਵਿਚ ਵਿਚਰਦੇ ਡੂੰਗਰ ਸਿੰਘ ਸਿੱਧੜਾ, ਡੂੰਗਰ ਸਿੰਘ ਪਾਗਲ ਦੇ ਖਿਤਾਬ ਵੀ ਦਿੱਤੇ ਗਏ। ਪਾਗਲ ਜਾਣਕੇ ਮੈਨੂੰ ਧਨੌਲੇ ਲਿਜਾਕੇ ਬਿਜਲੀ ਵੀ ਲਾਈ ਗਈ।

ਡੂੰਗਰ ਸਿੰਘ (2) ਆਪਣੀ ਲੰਮੀ ਜ਼ਿੰਦਗੀ ਵਿਚ ਆਪਣੇ ਮਾਪਿਆਂ ਦੇ ਇਲਾਵਾ ਤਾਇਆ ਅਰਜਨ ਸਿੰਘ, ਗੋਹਾ ਕੂੜਾ ਕਰਨ ਵਾਲੀ ਪਿਆਰੋ, ਬੇਜੋੜ ਵਿਆਹ ਵਿਚ ਮੇਰੇ ਨਾਲ ਵਿਾਹੀ ਤੇਜੋ ਜਿਨ੍ਹੇ ਮੇਰੇ ਛੋਟੇ ਭਰਾ ਜ਼ੈਲੇ ਨਾਲ ਨਜਾਇਜ਼ ਨਾਤਾ ਜੋੜਿਆ, ਮਾਸਟਰ ਤਰਨਜੀਤ ਅਤੇ ਇਨਕਲਾਬੀ ਲਹਿਰ ਦੇ ਹੋਰ ਸਾਥੀ ਅਤੇ ਜਗੀਰਦਾਰ ਗੰਗਾ ਸਿੰਘ, ਇਹ ਸਭ ਮੇਰੀ ਜ਼ਿੰਦਗੀ ਦਾ ਹਿੱਸਾ ਰਹੇ ਹਨ। ਮੇਰੀ ਕਹਾਣੀ ਦਾ ਆਰੰਭ ਉਸ ਵੇਲੇ ਹੁੰਦਾ ਹੈ ਜਦੋਂ ਜਵਾਨੀ ਵੇਲੇ ਮੈਂ ਇਕ ਦਿਨ ਪੱਕੀ ਇਕ ਘੁੰਮਾਂ ਕਣਕ ਵੱਢਕੇ ਪਿੰਡ ਵਿਚ ਆਪਣੀ ਝੰਡੀ ਗੱਡੀ। ਤਾਏ ਅਰਜਨ ਨੇ ਇਸ ਬਾਰੇ ਪਿੰਡ ਵਿਚ ਐਲਾਨ ਕੀਤਾ।

ਡੂੰਗਰ ਸਿੰਘ (1) : (ਆਪ ਹੀ ਡੂੰਗਰ ਸਿੰਘ (1) ਖੂੰਡੀ ਫੜਕੇ ਇਕ ਵਿਸ਼ੇਸ਼ ਅੰਦਾਜ਼ ਵਿਚ ਬੋਲਦਾ ਹੈ।) ਲਓ, ਸੰਗਤੋ, ਜੇ ਕੋਈ ਮਾਂ ਦੇ ਸ਼ੇਰ ਡੂੰਗਰ ਸਿੰਘ ਤੋਂ ਆ ਕੇ ਝੰਡੀ ਫੜੇ ਤਾਂ ਬਾਬੇ ਪਾਲੇ ਦਾ ਚੰਦ ਸਿਓਂ ਉਸ ਝੰਡੀ ਫੜਨ ਵਾਲੇ ਯੋਧੇ ਨੂੰ ਪੰਸੇਰੀ ਦੇਸੀ ਥੰਦਾ ਸ਼ਾਬਾਸ਼ ਦਾ ਦਿਓ...

*(ਦੋ ਤਿੰਨ ਕਦਮ ਬੁਢਿਆਂ ਵਾਲਾ ਭੰਗੜਾ ਪਾਉਂਦਾ ਤੁਰਦਾ ਹੈ।)*

ਡੂੰਗਰ ਸਿੰਘ (2) : ਇਹ ਤਾਇਆ ਅਰਜਨ ਸਿੰਘ ਹੇ, ਇਹ ਮੇਰੇ ਬਾਪੂ ਚੰਦ ਸਿੰਘ ਦਾ ਬਚਪਨ ਦਾ ਲੰਗੋਟੀਆ ਯਾਰ ਏ। ਇਹ ਤਾਂ ਮੇਰਾ ਬਾਪੂ ਬਚਪਨ 'ਚ 'ਕੱਠੇ ਮਾਲ ਡੰਗਰ ਚਰਦੇ ਰਹੇ ਸਨ। ਕੱਠੇ ਮੇਲਿਆਂ ਮਸਾਲਿਆਂ 'ਤੇ ਜਾਂਦੇ ਸਨ। ਜੇ ਕਿਤੇ ਕਿਸੇ ਨਾ ਕਿਸੇ ਗੱਲ ਪਿਛੇ ਉਹਨਾਂ ਦੋਵਾਂ ਵਿਚੋਂ ਕਿਸੇ ਦੇ ਵਿਰੋਧੀ ਨਾਲ ਸਿੰਗ ਫਸਦੇ ਤਾਂ ਉਹ ਦੋਵੇਂ ਡਾਂਗਾਂ ਫੜ ਵਿਰੋਧੀਆਂ ਨਲ ਲੋਹਾ ਲੈਂਦੇ ਸਨ। ਉਹ ਇਕ ਦੂਜੇ ਦੀਆਂ ਬਾਹਾਂ ਸਨ। ਪਰ ਦੋਵੇਂ ਬੁੜੇ ਸਨ, ਪੂਰੇ ਪੁਰਾਣੇ ਖਿਆਲਾਂ ਦੇ। ਇਕ ਜੱਟਾਂ ਵਿਚੋਂ ਤੇ ਇਕ ਵਿਹੜੇ ਵਾਲਿਆਂ ਵਿਚੋਂ... ਇਕ ਪਾਸੇ ਤਾਂ ਇਕ ਦੂਜੇ ਦੇ ਸਾਹਾਂ ਦੇ ਦਿਵਾਨੇ ਸਨ ਪਰ ਦੂਜੇ ਪਾਸੇ ਇਕ ਭਾਂਡੇ ਬਹਿਕੇ ਖਾਣ ਤੋਂ ਤੀਰੋਂ ਤ੍ਰਹਿੰਦੇ ਕਾਂ ਵਾਂਗੂ ਤ੍ਰਹਿੰਦੇ ਸਨ। ਆਪੋ ਆਪਣੀ ਜਾਤ ਦੀਆਂ ਹੱਦਾਂ ਅੰਦਰ ਰਹਿਣ ਨੂੰ, ਉਹ ਆਪਣੀ ਵਡਿਆਈ ਸਮਝਦੇ ਸਨ।

ਬੇਬੇ ਇਕ ਪਾਸੇ ਤਾਂ ਤਾਏ ਅਰਜਨ ਸਿੰਘ ਨੂੰ ਖਾਣ ਪੀਣ ਖਾਤਰ

ਬਾਪੂ ਨਾਲ ਦਾ ਦੁੱਧ ਘਿਉ ਦਿੰਦੀ ਪਰ ਦੂਜੇ ਪਾਸੇ ਬੇਬੇ ਸਾਨੂੰ ਭੈਣ ਭਰਾਵਾਂ ਨੂੰ ਤਾਏ ਅਰਜਨ ਦੀ ਤੂੜੀ ਵਾਲੀ ਸਬਾਤ ਦੀ ਟਾਂਡ ਤੇ ਪਏ ਕੋਲੇ ਨੂੰ ਹੱਥ ਲਾਉਣ ਤੋਂ ਪੂਰਾ ਵਰਜਦੀ। ਜਦੋਂ ਤਾਏ ਅਰਜਨ ਨੇ ਪਿੰਡ 'ਚ ਐਲਾਨ ਕੀਤਾ ਤਾਂ ਇਹਦੀ ਸਭ ਤੋਂ ਵੱਧ ਤਕਲੀਫ ਗੰਗੇ ਪਾਪੀ ਨੂੰ ਹੋਈ। ਇਹ ਪਾਪੀ ਕਿਉਂ ਹੈ, ਇਹ ਮੈਂ ਤੁਹਾਨੂੰ ਅਗੇ ਜਾ ਕੇ ਦਸਾਂਗਾ।

ਗੰਗਾ : (ਡੂੰਗਰ ਨੂੰ ਸੰਬੋਧਨ ਹੁੰਦਾ ਹੋਇਆ) ਉਏ ਭਲੇਮਾਣਸੋ ਇਕ ਦਿਨ 'ਚ ਨਹੀਂ ਤਾਂ ਦੋ ਦਿਨਾਂ 'ਚ ਸਹੀ... ਦੋ ਦਿਨਾਂ 'ਚ ਨਹੀਂ ਤਾਂ ਤਿੰਨ ਦਿਨਾਂ 'ਚ ਸਹੀ, ਬੰਦਾ ਘੁੰਮਾਂ ਕਣਕ ਵੱਢ ਦੂ ਪਰ ਮੇਰੀ ਗੱਲ ਪਲੇ ਬੰਨ ਲਵੇ ਬੰਦੇ ਦੀ ਕੁਲ, ਸ਼ਾਦੀ ਤੋਂ ਬਿਨਾਂ ਕੁਦੈਤ ਅਗੇ ਨਹੀਂ ਤੁਰਦੀ। ਝੰਡੀ ਉੱਚੀ ਤਾਂ ਹੀ ਫਬਦੀ ਹੈ ਜੇ ਡੂੰਗਰ ਨੂੰ ਕੋਈ ਆਪਣੀ ਕੁੜੀ ਵਿਆਹੇ... (ਥੋੜਾ ਵਕਫਾ, ਇਕ ਦੂਜੇ ਵੱਲ ਵੇਖਦੇ ਨੇ)।

ਡੂੰਗਰ ਸਿੰਘ (2) : ਗੰਗੇ ਨੇ ਆਪਣੀ ਕਹੀ ਗੱਲ ਦਾ ਅਸਰ ਵੇਖਣ ਲਈ ਏਧਰ ਉਧਰ ਝਾਕਿਆ ਜਿਸ ਤਰ੍ਹਾਂ ਕਹੀ ਗੱਲ ਦੇ ਜਵਾਬ ਦੀ ਉਡੀਕ ਵਿਚ ਹੋਵੇ ਤੇ ਇਹ ਜਵਾਬ ਤਾਏ ਅਰਜਨ ਨੇ ਦਿੱਤਾ।

ਡੂੰਗਰ ਸਿੰਘ (1) : (ਹੁਣ ਖੂੰਡਾ ਚੁੱਕਕੇ ਤਾਏ ਅਰਜਨ ਦੀ ਭੂਮਿਕਾ ਵਿਚ ਅਗੇ ਆਉਂਦਾ ਹੈ) ਗੰਗਿਆ, ਡੂੰਗਰ ਨੇ ਪਾਲੇ ਕਿਆਂ ਦਾ ਤਾਂ ਨਾਂ ਰੋਸ਼ਨ ਕੀਤਾ, ਜੋਗਾਪੁਰ ਨਗਰ ਦਾ ਨਾਂ ਵੀ ਉੱਚਾ ਕੀਤੈ, ਤੇ ਗੰਗਿਆ ਡੂੰਗਰ ਦੇ ਸੰਜੋਗਾਂ 'ਚ ਵਰ ਲਿਖਿਆ ਤਾਂ ਕੋਈ ਵੀ ਜੱਦੀ ਦਾ ਡੂੰਗਰ ਦੀ ਸ਼ਾਦੀ ਨੂੰ ਨਹੀਂ ਰੋਕ ਸਕਦਾ।

ਗੰਗਾ : ਅਰਜਨਾ ਕੱਲੇ ਸੰਜੋਗ ਕੀ ਕਰਨਗੇ ? ਵਿਉਮਾਤਾ ਜੱਟ ਦੇ ਸੰਜੋਗ 'ਚ ਵਰ ਲਿਖਣ ਮੌਕੇ ਜੱਟ ਦੀ ਭੋਇੰ ਅਵੱਸ਼ ਵੇਖਦੀ ਐ, ਜੇ ਜੱਟ ਨੂੰ ਜ਼ਮੀਨ ਥੋੜੀ ਆਉਂਦੀ ਹੋਵੇ ਤਾਂ ਵਿਉਮਾਤਾ ਦੀ ਕਾਨੀ ਨੂੰ ਵਰ ਸ਼ਬਦ ਪਾਉਣ ਤੋਂ ਪਹਿਲਾਂ ਬਰੇਕ ਲੱਗ ਜਾਂਦੀ ਐ... (ਗੰਗਾ ਆਕੜ ਕੇ ਜਾਂਦਾ ਹੈ)।

ਡੂੰਗਰ ਸਿੰਘ (2) : ਗੰਗਾ ਇਕ ਚਣੌਤੀ ਦੇ ਕੇ ਚਲਦਾ ਬਣਿਆ। ਉਹ ਸਾਡੇ ਲਾਣੇ ਨੂੰ ਹੀਣਾ ਵਿਖਾਉਣਾ ਚਾਹੁੰਦਾ ਸੀ, ਉਹਦੀ ਮਾਰੀ ਹੋਈ ਇਹ ਬੋਲੀ ਮੇਰੇ ਜੀਵਨ ਦੀ ਇਕ ਅਹਿਮ ਘਟਨਾ ਹੋ ਨਿਬੜੀ। (ਗੰਗਾ ਪਾਪੀ ਜਿੱਦਰੋਂ ਗਿਆ ਹੈ, ਉਸ ਤਰਫ ਵੇਖਦੇ ਹੋਏ ਬਾਹਰ ਨਿਕਲ ਜਾਂਦਾ ਹੈ)।

ਡੂੰਗਰ ਸਿੰਘ (1) : ਦਰਸ਼ਕੋ, ਗੰਗਾ ਬੋਲੀ ਤਾਂ ਹੀ ਮਾਰ ਸਕਿਆ ਸੀ ਕਿਉਂਕਿ ਇਹਦੇ ਕੋਲ ਜਾਇਜ਼ ਤਾਂ ਨਜਾਇਜ਼ ਤਰੀਕੇ ਨਾਲ ਹਾਸਿਲ ਕੀਤੀ ਬੇਸ਼ੁਮਾਰ

ਜ਼ਮੀਨ ਸੀ।

ਡੂੰਗਰ ਸਿੰਘ (2) : ਇਹਦਾ ਪਿਓ ਪ੍ਰਤਾਪਾ ਨੇੜੇ ਤੇੜੇ ਦੇ ਪਿੰਡਾਂ ਵਿਚ ਅੰਗਰੇਜ਼ ਸਰਕਾਰ ਦਾ ਮੰਨਿਆ ਪਰ ਮੰਨਿਆ ਚਮਚਾ ਸੀ। ਅੰਗਰੇਜ਼ ਸਰਕਾਰ ਨੇ ਉਸਨੂੰ ਆਪਣਾ ਪੱਕਾ ਝੋਲੀ ਝੁੱਕ ਸਮਝਕੇ ਹੀ ਅੱਠ ਵੀਹਾਂ ਭੋਇੰ ਦੀ ਮਾਲਕੀ ਸ਼ਾਬਾਸ਼ ਪੱਖੋਂ ਦਿੱਤੀ ਸੀ ਕਿਉਂਕਿ ਪ੍ਰਤਾਪੇ ਦੇਸ਼-ਧ੍ਰੋਹੀ ਨੇ ਅੰਗਰੇਜ਼ ਸਰਕਾਰ ਵਿਰੁੱਧ ਲੜਣ ਵਾਲੇ ਕਈ ਬਹਾਦਰ ਦੇਸ਼ ਭਗਤਾਂ ਨੂੰ ਮਰਵਾਇਆ ਸੀ।

ਡੂੰਗਰ ਸਿੰਘ (1) : ਪ੍ਰਤਾਪੇ ਗ਼ਦਾਰ ਦੇ ਅਗਾਹਾਂ ਕੱਲਾ ਗੰਗਾ ਪਾਪੀ ਹੀ ਸੀ। ਉਹ ਆਪਣੇ ਪਿਓ ਤੋਂ ਵੀ ਚਾਰ ਚੰਦੇ ਉਤੋਂ ਦੀ ਸੀ।

ਡੂੰਗਰ ਸਿੰਘ (2) : ਅੰਗਰੇਜ਼ ਚਲੇ ਗਏ ਸਨ। ਭਾਰਤ ਪਾਕਿਸਤਾਨ ਬਣਨ ਟੈਮ ਹੋਈ ਵੱਢ ਟੁੱਕ ਮੌਕੇ ਗੰਗੇ ਪਾਪੀ ਨੇ ਮੁਸਲਮਾਨਾਂ ਨੂੰ ਮਾਰਨ ਅਤੇ ਉਹਨਾਂ ਦੀਆਂ ਨੂੰਹਾਂ ਧੀਆਂ ਦੀ ਪੱਤ ਲੁੱਟਣ 'ਚ ਖ਼ੂਬ ਮਨਾਂ ਦੀਆਂ ਭੋਲਾਂ ਲਾਹੀਆਂ ਸਨ।

ਡੂੰਗਰ ਸਿੰਘ (1) : ਕਾਂਗਰਸ ਸਰਕਾਰ ਦੀ ਚਮਚਾਗਿਰੀ ਕਰਨ 'ਚ ਵੀ ਉਹ ਪਿਛੇ ਨਹੀਂ ਰਿਹਾ ਸੀ ਤੇ ਹਰ ਤਰ੍ਹਾਂ ਦੇ ਜਾਇਜ਼ ਜਾਂ ਨਾਜਾਇਜ਼ ਧੰਦਿਆਂ ਦੇ ਸਿਰ 'ਤੇ ਉਹ ਕੋਠੀਆਂ ਵਾਲਾ ਸਰਦਾਰ ਬਣ ਚੁੱਕਿਆ ਸੀ।

ਡੂੰਗਰ ਸਿੰਘ (2) : ਦਰਸ਼ਕੋ, ਗੰਗੇ ਪਾਪੀ ਦੀ ਗੱਲ ਦੇ ਨਾਲ ਨਾਲ ਮੈਂ ਆਪਣੇ ਜੀਵਨ ਸਫਰ ਦੀ ਇਕ ਹੋਰ ਪਾਤਰ ਨਾਲ ਵੀ ਤੁਹਾਡੀ ਮੁਲਾਕਾਤ ਕਰਾਉਣਾ ਜ਼ਰੂਰੀ ਸਮਝਣਾ ਹਾਂ। ਤੇ ਉਹ ਹੈ ਪਿਆਰੋ, ਮਜ਼ੂਰਾਂ ਦੀ ਧੀ, ਜਿਸ ਦਿਨ ਮੈਂ ਪਿੰਡ ਵਿਚ ਝੰਡੀ ਗੱਡੀ ਤਾਂ ਇਸ ਦੀ ਸਭ ਤੋਂ ਵੱਧ ਤਕਲੀਫ ਗੰਗੇ ਨੂੰ ਹੋਈ ਸੀ, ਪਰ ਇਸ ਦਾ ਸਭ ਤੋਂ ਵੱਧ ਚਾਅ ਪਿਆਰੋ ਨੂੰ ਹੀ ਚੜ੍ਹਿਆ ਸੀ ਕਿਉਂਕਿ ਇਹ ਝੰਡੀ ਪਿਆਰੋ ਨੇ ਹੀ ਤਾਂ ਬਣਾਈ ਸੀ।

*(ਪਿਆਰੋ ਇਕ ਪਾਸੇ ਤੋਂ ਲੱਸੀ ਦਾ ਡੋਲੂ ਚੁੱਕੀ ਆਉਂਦੀ ਹੈ।)*

ਪਿਆਰੋ : (ਡੂੰਗਰ (2) ਵੱਲ ਵੇਖਦੇ ਹੋਏ) ਮੈਂ ਮਰ ਜਾ... ਤਾਂ ਇਹ ਡੂੰਗਰ ਸਿੰਘ ਪਹਿਲਵਾਨ ਏ... ਭੈਣ ਮੁਖਤਿਆਰੋ ਤਾਂ ਹੀ ਕਹਿੰਦੀ ਸੀ, ਡੂੰਗਰ ਨੂੰ ਵੇਖੇਂਗੀ ਤਾਂ ਵੇਖਦੀ ਹੀ ਰਹਿ ਜਾਏਂਗੀ।

*(ਡੂੰਗਰ ਵੱਲ ਵੇਖਦੀ ਜਾਂਦੀ ਹੈ। ਉਹ ਵੀ ਚੋਰ ਅੱਖਾਂ ਨਾਲ ਵੇਖਦਾ ਹੈ।)*

ਡੂੰਗਰ ਸਿੰਘ (1) : ਪਿਆਰੋ, ਅਠਾਰਾਂ ਉਂਨੀ ਵਰਿਆਂ ਦੀ ਬਸ ਮੂਰਤ ਵਰਗੀ ਹੀ ਕੁੜੀ ਸੀ। ਉਹ ਘੰਟੇ ਦੀ ਬਹੁ ਮੁਖਤਿਆਰੋ ਦੇ ਜੈਮੱਤ 'ਚ ਡਿੱਗੀ ਹੋਣ ਕਰਕੇ

ਸਾਡੇ ਘਰ ਦਾ ਕੰਮ ਧੰਦਾ ਕਰਨ ਖਾਤਰ ਕੁਝ ਟੈਮ ਲਈ ਆਈ ਸੀ।

ਪਿਆਰੋ : ਮੁਖਤਿਆਰੋ ਦੀ ਥਾਂ ਮੈਂ ਗੋਹਾ ਕੂੜਾ ਕਰਨ ਜਾਂਦੀ ਸਾਂ। ਲੱਸੀ ਲੈਣ ਵੀ ਮੈਂ ਜਾਂਦੀ ਸੀ। ਡੂੰਗਰ ਦੀ ਮਾਂ ਗੜਵੀ ਵਿਚ ਲੱਸੀ ਪਾਂਦੀ। ਡੂੰਗਰ ਵੀ ਘਰ ਦੇ ਕਿਸੇ ਨਾ ਕਿਸੇ ਕੰਮ ਵਿਚ ਜੁਟਿਆ ਹੁੰਦਾ। ਮੈਂ ਤਾਂ ਉਸ ਵੱਲ ਵੇਖਦੀ ਰਹਿੰਦੀ ਪਰ ਉਹਦੇ ਵਿਚ ਹੌਸਲਾ ਨਹੀਂ ਸੀ ਕਿ ਉਹ ਆਪਣੀ ਮਾਂ ਦੀ ਹਾਜ਼ਰੀ ਵਿਚ ਮੇਰੇ ਵੱਲ ਸਿੱਧਾ ਵੇਖਦਾ। ਉਹ ਸਾਊ ਸੀ ਤੇ ਮੇਰੇ ਮਾਮਲੇ ਵਿਚ ਸਾਰੀ ਉਮਰ ਸਾਊ ਹੀ ਰਿਹਾ। ਇਹ ਉਹਦੇ ਜੀਵਨ ਦੀ ਤ੍ਰਾਸਦੀ ਵੀ ਸੀ ਤੇ ਮੇਰੇ ਜੀਵਨ ਦੀ ਵੀ... ਹੁਣ ਇਹ ਝੰਡੀ ਵੱਲ ਵੇਖੀ ਜਾ ਰਿਹਾ ਹੈ, ਇਹ ਝੰਡੀ ਮੇਰੇ ਅਤੇ ਡੂੰਗਰ ਦੇ ਆਪਸੀ ਰਿਸ਼ਤੇ ਦੀ ਇਕ ਨਿਸ਼ਾਨੀ ਏ... ਜਦੋਂ ਡੂੰਗਰ ਨੇ ਕਣਕ ਵੱਢੀ ਤਾਂ ਤਾਏ ਅਰਜਨ ਨੇ ਡੂੰਗਰ ਦੇ ਬਾਪੂ ਨਾਲ ਸਾਰੇ ਪਿੰਡ ਵਿਚ ਝੰਡੀ ਫੇਰਨ ਦੀ ਸਲਾਹ ਬਣਾਈ। ਤਾਏ ਅਰਜਨ ਨੇ ਹੀ ਆਪਣੇ ਹੁਦਰੋ ਪਿੰਡ ਵਿਚ ਲੀੜਿਆਂ ਵਾਲੀ ਬਜਾਜੀ ਦੀ ਹੱਟੀ ਤੋਂ ਪੌਣਾ ਗਜ਼ ਲਾਲ ਸ਼ਾਟਨ ਦਾ ਲੀੜਾ ਲਿਆਂਦਾ। ਮੈਨੂੰ ਝੰਡੀ ਬਨਾਉਣ ਲਈ ਕਿਹਾ, ਮੈਨੂੰ ਆਪ ਵੀ ਪਤਾ ਨਹੀਂ ਕਿ ਕਿਸ ਵੇਲੇ ਮੈਂ ਮੰਨ ਵਿਚ ਡੂੰਗਰ ਸਿੰਘ ਨਾਲ ਇਕ ਰਿਸ਼ਤਾ ਬਣਾ ਚੁੱਕੀ ਸਾਂ। ਮੈਂ ਝੰਡੀ ਪੂਰੀ ਰੂਹ ਨਾਲ ਬਣਾਈ। ਪਹਿਲਾਂ ਕਪੜੇ ਨੂੰ ਇਕ ਪਾਸੇ ਤੋਂ ਦੋ ਉਂਗਲਾਂ ਮੋੜ ਕੇ ਉਸਨੂੰ ਲੰਮੇ ਲੋਟ ਸੁਨਹਿਰੀ ਧਾਗੇ ਨਾਲ ਲੇੜ ਮਾਰੀ। ਫੇਰ ਇਕ ਸਕੂਲ ਪੜ੍ਹਦੇ ਜੁਆਕ ਕੋਲੋਂ ਅਖਰ ਲਿਖਵਾਏ ਤੇ ਇਨ੍ਹਾਂ ਅਖਰਾਂ ਉਤੇ ਬਰੀਕ ਸੂਈ ਦੇ ਸੁਨਹਿਰੀ ਧਾਗੇ ਨਾਲ ਕਢਾਈ ਕੀਤੀ ਡੂੰਗਰ ਸਿੰਘ ਦੀ ਝੰਡੀ।

ਨੋਟ : (ਮਾਇਮ ਦੀ ਐਕਟਿੰਗ ਇਸ ਤਰ੍ਹਾਂ ਹੈ ਕਿ ਪਿਆਰੋ ਆਪਣੇ ਜ਼ਜਬੇ ਅਤੇ ਵਲਵਲੇ ਜ਼ਾਹਰ ਕਰ ਦੇਂਦੀ ਹੈ। ਬੜੀ ਮੱਟਕ ਨਾਲ ਤੁਰਦੀ ਬਾਹਰ ਜਾਂਦੀ ਹੈ... ਢੋਲ ਵਜਦਾ ਹੈ, ਗੰਗਾ ਸਿੰਘ, ਜਿਸਦਾ ਵੈਲੀਆਂ ਵਰਗਾ ਪਹਿਰਾਵਾ ਹੈ, ਬੜੀ ਆਕੜ ਅਤੇ ਨਫਰਤ ਨਾਲ ਝੰਡੀ ਚੁੱਕੀ ਡੂੰਗਰ ਸਿੰਘ (2) ਨੂੰ ਵੇਖਦਾ ਹੈ। ਇਕ ਖਾਸ ਮੁਦਰਾ ਵਿਚ ਖਲੋਂਦਾ ਹੈ।)

ਡੂੰਗਰ ਸਿੰਘ (1) : ਜਿਸ ਤਰ੍ਹਾਂ ਮੈਂ ਤੁਹਾਨੂੰ ਪਹਿਲੇ ਦੱਸਿਆ ਸੀ ਕਿ ਪਿੰਡ ਦੇ ਲੋਕ ਗੰਗੇ ਨੂੰ ਪਾਪੀ ਕਿਉਂ ਕਹਿੰਦੇ ਨੇ, ਇਹਦੇ ਪਿਛੇ ਇਕ ਸੱਚੀ ਕਹਾਣੀ ਹੈ। ਗੰਗੇ ਪਾਪੀ ਦੇ ਆਪਣੇ ਦੋ ਮੁੰਡਿਆਂ ਵਿਚੋਂ ਛੋਟਾ ਬਲਕਾਰਾ ਪੋਲਿਓ ਦਾ ਸ਼ਿਕਾਰ ਹੋਣ ਕਰਕੇ ਲੱਤੋਂ ਬਾਹੋਂ ਊਣਾ ਸੀ। ਤੁਰਦਾ ਵੀ ਉਹ ਢੀਚਕ ਮਾਰ ਕੇ ਸੀ ਤੇ ਬੋਲਦਾ ਵੀ ਹੱਕ ਪਾ ਕੇ ਸੀ। ਪਰ

ਬਲਕਾਰੇ ਨੂੰ ਆਵਦੀ ਭੋਇੰ ਦੀ ਢੇਰੀ 'ਚ ਭੋਇੰ ਅਸੀਂ ਘੁੰਮਾਂ ਆਉਂਦੀ ਸੀ। ਜਿਸ ਕਾਰਨ ਉਸਦਾ ਵਿਆਹ ਘੋੜੀਆਂ ਜੋੜੀਆਂ ਨਾਲ ਹੋਇਆ ਸੀ। ਬਹੂ ਵੀ ਜਮਾਂ ਮੂਰਤ ਵਰਗੀ ਮਿਲੀ ਸੀ। ਬਲਕਾਰੇ ਤੇ ਉਸਦੀ ਬਹੂ 'ਚ ਰੰਗ ਰੂਪ ਕੱਦ ਕਾਠ ਤੇ ਅਕਲ ਪੱਖੋਂ ਪੁੱਜਕੇ ਬਹੁਤਾ ਵੱਟਾ ਸੀ। ਵਿਚਾਰੀ ਹਵੇਲੀ ਦੇ ਕਿਸੇ ਖਲ ਖੂੰਜੇ ਕੱਲੀ ਬੈਠੀ ਆਪਣੀ ਤਕਦੀਰ ਨੂੰ ਰੋਂਦੀ ਰਹਿੰਦੀ। ਉਸ ਦਿਨ ਵੀ ਉਹ ਵਿਚਾਰੀ 'ਕੱਲੀ ਹੀ ਬੈਠੀ ਸੀ, ਜਿਸ ਦਿਨ ਸੁੰਨ ਸਰਾਂ ਦਾ ਫਾਇਦਾ ਉਠਾ ਕੇ ਗੰਗੇ ਬੁੱਚੜ ਨੇ ਉਸ ਨਾਲ ਧੱਕੇ ਸ਼ਾਹੀ ਕੀਤੀ।

ਨੋਟ : (ਨਾਟਕੀ ਗਤੀ ਲਿਆਉਣ ਲਈ ਹੇਠ ਲਿਖੀ ਵਾਰਤਾਲਾਪ ਦੇ ਆਵਾਜ਼ਾਂ 'ਚ ਪਿਛੋਕੜ ਤੋਂ ਸਥਾਪਤ ਕੀਤੀ ਜਾ ਸਕਦੀ ਹੈ।)

*(ਪਿਛੋਕੜ ਤੋਂ ਆਵਾਜ਼)*

ਗੰਗਾ : (ਨਸ਼ੇ ਵਾਲੀ ਆਵਾਜ਼ 'ਚ) ਐ ਕੁੜੀਏ, ਇਹ ਖੂੰਜੇ ਵਿਚ ਬੈਠੀ ਕੀਹਦਾ ਸੋਗ ਮਨਾ ਰਹੀ ਏਂ...(ਹਿਚਕੀ) ਸਮਝ ਗਿਆ...ਬਲਕਾਰਾ ਕੰਜਰ ਤਾਂ ਨਿਕੰਮਾ ਏ ਪਰ ਤੂੰ ਫਿਕਰ ਕਿਉਂ ਕਰਦੀ ਏ, ਉਹਦਾ ਬਾਪ ਹਾਲੇ ਕਾਇਮ ਏ (ਹਿਚਕੀ) ਆ ਜਾ ਉਰੇ...

ਕੁੜੀ : ਬਾਪੂ ਜੀ... ਤੁਸੀਂ ਹੋਸ਼ 'ਚ ਨਹੀਂ... ਮੇਰੀ ਚੁੰਨੀ ਵਾਪਸ ਦੇਵੋ...

ਗੰਗਾ : ਹੋਸ਼ 'ਚ ਕਿਉਂ ਨਹੀਂ... (ਹਿਚਕੀ) ਮੈਂ ਕਾਇਮ ਹਾਂ...

*(ਕੁੜੀ ਦੀਆਂ ਚੀਕਾਂ ਦੀ ਆਵਾਜ਼ ਤੇ ਗੰਗੇ ਦਾ ਵਹਿਸ਼ੀ ਹਾਸਾ ਬਲਾਤਕਾਰ ਨੂੰ ਸਥਾਪਤ ਕਰਦਾ ਹੈ।)*

ਡੂੰਗਰ ਸਿੰਘ (1) : ਬਾਅਦ 'ਚ ਉਸ ਵਿਚਾਰੀ ਨੇ ਸ਼ਰਮ ਦੀ ਮਾਰੀ ਨੇ ਆਪਣੇ 'ਤੇ ਮਿੱਟੀ ਦਾ ਤੇਲ ਛਿੜਕ ਕੇ ਆਪਣੇ ਆਪ ਨੂੰ ਸੁਆਹ ਕਰ ਲਿਆ। ਇਸ ਮਾੜੀ ਘਟਨਾ ਕਰਕੇ ਹੀ ਪਿੰਡ ਦੇ ਲੋਕੀ ਗੰਗੇ ਨੂੰ ਗੰਗਾ ਪਾਪੀ ਆਖਣ ਲਗ ਪਏ ਸਨ। ਬਲਕਾਰੇ ਦੇ ਹਿੱਸੇ ਆਈ ਇਹ ਭੋਇੰ ਹੀ ਸੀ ਕਿ ਉਹਦਾ ਦੂਜਾ ਵਿਆਹ ਫਿਰ ਬੜੀ ਸ਼ਾਨ ਨਾਲ ਹੋ ਗਿਆ ਸੀ। ਇਹ ਭੋਇੰ ਹੀ ਕਾਰਨ ਸੀ ਕਿ ਗੰਗਾ ਬੋਲੀ ਮਾਰ ਸਕਦਾ ਸੀ। ਆਪਣੀ ਜੀਵਨ ਕਹਾਣੀ ਦੇ ਇਸ ਕਾਂਡ ਦਾ ਅੰਤ ਮੈਂ ਬਸ ਇਕ ਗੱਲ ਸੁਣਾਕੇ ਕਰਦਾ ਹਾਂ, ਜਿਸਦਾ ਸਬੰਧ ਫੇਰ ਪਿਆਰੋ ਨਾਲ ਹੈ...

ਡੂੰਗਰ ਸਿੰਘ (1) : ਇਕ ਦਿਨ ਮੈਂ ਘਰ ਇਕੱਲਾ ਹੀ ਸੀ। ਬੇਬੇ ਗਵਾਂਢ ਕਿਸੇ ਕੰਮ ਗਈ ਸੀ, ਜਦੋਂ ਹੱਥ 'ਚ ਗੜਵੀ ਲੈ, ਪਿਆਰੋ ਆਈ... ਉਹਦੀਆਂ ਅੱਖਾਂ ਮੈਨੂੰ ਕੁਝ ਆਖਦੀਆਂ ਲਗਦੀਆਂ ਸਨ, ਮੈਂ ਨੀਵੀਂ ਪਾ ਕੇ ਉਸ ਕੋਲੋਂ ਪੁੱਛਿਆ...

ਡੂੰਗਰ ਸਿੰਘ (2): ਕਿਵੇਂ ? ਦੁੱਧ ਲੈਣ ਆਈ ਐ, ਪਿਆਰੋ ?

ਪਿਆਰੋ : ਹਾਂ ਦੁੱਧ ਹੀ ਲੈਣ ਆਈ ਹਾਂ...

ਡੂੰਗਰ ਸਿੰਘ (1): ਮੈਂ ਉਸਦਾ ਜਵਾਬ ਸੁਣਕੇ ਉਸ ਕੋਲੋਂ ਗੜਵੀ ਫੜਕੇ ਰੋਟੀ ਟੁੱਕ ਵਾਲੀ ਝਲਾਨੀ ਵਿਚੋਂ ਦੁੱਧ ਨਾਲ ਭਰੀ ਗੜਵੀ ਲੈ ਕੇ ਜਦੋਂ ਬਾਹਰ ਆਇਆ ਤਾਂ ਉਦੋਂ ਪਿਆਰੋ ਸਬਾਤ ਦੀ ਕੰਧ ਨਾਲ ਖੜੀ ਸੋਟੀ ਦੇ ਸਿਰੇ ਤੋਂ ਝੰਡੀ ਲਾਹ ਕੇ ਝੰਡੀ ਦੀ ਤਹਿ ਮਾਰ ਰਹੀ ਸੀ।

*(ਨੋਟ : ਇਹ ਐਕਸ਼ਨ ਨਾਲ ਉਹਦੀਆਂ ਅੱਖਾਂ ਅਫਸੋਸੀਆਂ ਦਿਖਦੀਆਂ ਹਨ।)*

ਪਿਆਰੋ : ਭਲਾ ਡੂੰਗਰ ਸਿੰਘਾ ਇਹ ਝੰਡੀ ਇਉਂ ਬਾਹਰ ਸਿੱਟਣ ਵਾਲੀ ਐ...

ਡੂੰਗਰ ਸਿੰਘ (2): ਬਸ ਊਈਂ ਪਿਆਰੋ, ਕੰਮਾਂ ਦੇ ਜ਼ੋਰ ਕਰਕੇ ਇਹਨੂੰ ਸਾਂਭਣ ਦਾ ਖਿਆਲ ਨਹੀਂ ਆਇਆ।

ਪਿਆਰੋ : (ਝੰਡੀ ਨੂੰ ਸਾਂਭਦੀ ਹੋਈ) ਏਨੀ ਕੀਮਤੀ ਸ਼ੈਅ ਇਉਂ ਰੋਲਣ ਵਾਲੀ ਨਹੀਂ, ਇਹਨੂੰ ਮੈਂ ਸਾਂਭ ਰੱਖੂੰ...

ਡੂੰਗਰ ਸਿੰਘ (2): ਤੂੰ ਸਾਂਭ ਕੇ ਰੱਖ ਲੈ...

ਡੂੰਗਰ ਸਿੰਘ (1): ਮੈਂ ਪਿਆਰੋ ਦੀ ਗੱਲ ਦਾ ਜਵਾਬ ਦੇਣ ਦੇ ਨਾਲ-ਨਾਲ ਦੁੱਧ ਵਾਲੀ ਗੜਵੀ ਉਸਨੂੰ ਫੜਾਈ। ਗੜਵੀ ਫੜਾਉਣ ਟੈਮ ਕੁਦਰਤੀ ਮੇਰਾ ਹੱਥ ਤੇ ਪਿਆਰੋ ਦਾ ਹੱਥ ਆਪਸ 'ਚ ਛੂਹੇ। ਇਸ ਛੂਹ ਨਾਲ ਮੈਨੂੰ ਅਜੀਬ ਜਿਹਾ ਸਰੂਰ ਆਇਆ।

*(ਇਸ ਜ਼ਜਬਾਤੀ ਦ੍ਰਿਸ਼ ਨਾਲ ਜਦੋਂ ਉਹ ਇਕ ਦੂਜੇ ਦੀਆਂ ਅੱਖਾਂ ਵਿਚ ਵੇਖ ਰਹੇ ਹਨ ਤਾਂ ਫੇਡ ਆਊਟ ਹੋ ਜਾਂਦਾ ਹੈ।)*

(ਰੋਸ਼ਨੀ ਡੂੰਗਰ ਸਿੰਘ (1) 'ਤੇ ਪੈਂਦੀ ਹੈ।)

ਡੂੰਗਰ ਸਿੰਘ (1): ਦਰਸ਼ਕੋ ਫੇਰ ਮੇਰੀ ਜੀਵਨ ਕਹਾਣੀ ਦਾ ਦੂਜਾ ਪੜਾਅ ਸ਼ੁਰੂ ਹੁੰਦਾ ਹੈ। ਜੇ ਸਾਡੇ ਸਮਾਜ 'ਚ ਜਾਤਾਂ ਦਾ ਪਾੜਾ ਨਾ ਹੁੰਦਾ ਤਾਂ ਮੇਰਾ ਪਿਆਰੋ ਨਾਲ ਜੀਵਨ ਸਾਥ ਜੁੜ ਸਕਦਾ ਸੀ। ਅਸੀਂ ਦੋਨੋਂ ਹਾਣ ਦੇ ਸਾਂ ਤੇ ਸਾਡਾ ਸਾਥ ਕੋਈ ਬੇਜੋੜ ਸਾਥ ਨਹੀਂ ਹੋਣਾ ਸੀ... ਪਰ ਇਹ ਨਾ ਹੋਣਾ ਸੀ, ਨਾ ਹੋਇਆ।

ਡੂੰਗਰ ਸਿੰਘ (1): ਅੱਜ ਮੈਂ ਸੋਚਦਾ, ਉਸ ਵੇਲੇ ਮੈਂ ਡੂੰਗਰ ਸਿੰਘ ਪਹਿਲਵਾਨ ਤੋਂ ਕਾਮਰੇਡ ਡੂੰਗਰ ਸਿੰਘ ਹੋ ਗਿਆ ਹੁੰਦਾ ਤਾਂ ਮੈਂ ਸਮਾਜ ਦੀਆਂ ਗਲਤ ਧਾਰਨਾਵਾਂ ਦਾ ਮੁਕਾਬਲਾ ਜ਼ਰੂਰ ਕਰ ਲੈਂਦਾ ਪਰ ਇਹ ਉਸ ਵੇਲੇ ਮੁਮਕਿਨ ਨਹੀਂ ਹੋ ਸਕਿਆ।

ਡੂੰਗਰ ਸਿੰਘ (2): ਮੇਰੇ ਬਾਪ ਦੀ ਅਣਖ ਕਈ ਦਿਨ ਗੰਗੇ ਪਾਪੀ ਦੇ ਮੇਰੀ ਸ਼ਾਦੀ ਬਾਰੇ ਮਿਹਣੇ ਕਾਰਨ ਕਸਾਈ ਦੇ ਛੁਰੇ ਹੇਠਲੇ ਬਕਰੇ ਵਾਂਗ ਹਲਾਲ ਹੁੰਦੀ ਰਹੀ। ਦਿਨ ਗੁਜ਼ਰਨ ਦੇ ਨਾਲ-ਨਾਲ ਬਾਪੂ ਨੂੰ ਮੇਰੀ ਸ਼ਾਦੀ ਦਾ

ਫਿਕਰ ਵੱਧਣ ਲੱਗਾ। ਉਸਨੇ ਆਪਣਾ ਇਹ ਫਿਕਰ ਤਾਏ ਅਰਜਨ ਅਤੇ ਬੇਬੇ ਨਾਲ ਸਾਂਝਾ ਕੀਤਾ।

ਡੂੰਗਰ ਸਿੰਘ (2): ਮੇਰੇ ਸਾਕ ਖਾਤਿਰ ਬਾਪੂ, ਬੇਬੇ ਤੇ ਤਾਏ ਅਰਜਨ ਨੇ ਇਕ ਤਰ੍ਹਾਂ ਮੁਹਿੰਮ ਛੇੜੀ। ਮੈਨੂੰ ਵੇਖਣ ਵਾਲੇ ਆਉਣ ਵੀ ਲਗੇ। ਸਾਡੇ ਲਾਣੇ ਦੀ ਸ਼ੋਭਾ ਸੁਣਕੇ, ਮੇਰੇ ਕਮਾਊ ਹੋਣ ਬਾਰੇ ਜਾਣਕੇ ਅਤੇ ਮੇਰੇ ਗਾਡਰ ਵਰਗੇ ਸਰੀਰ ਨੂੰ ਵੇਖਕੇ ਤਾਂ ਮੈਨੂੰ ਸਾਕ ਕਰਨ ਲਈ ਪੱਬਾਂਭਾਰ ਹੁੰਦੇ ਪਰ ਜਦੋਂ ਉਹਨਾਂ ਨੂੰ ਮੈਨੂੰ ਆਉਂਦੀ ਥੋੜੀ ਭੋਇੰ ਦਾ ਪਤਾ ਲਗਦਾ ਤਾਂ ਉਹ ਵਹੁ-ਵੀਟ ਜਾਂਦੇ ਤੇ ਸਾਡੇ ਘਰ 'ਚ ਗੰਗੇ ਪਾਪੀ ਦੀ ਆਵਾਜ਼ ਗੂੰਜ ਜਾਂਦੀ।

*(ਗੰਗੇ ਦੀ ਪਿਛੋਕੜ ਆਵਾਜ਼)*

ਗੰਗਾ : ਉਏ ਭਾਈ ਚੰਦ ਸਿੰਘਾ, ਕੱਲੇ ਸੰਯੋਗ ਕੀ ਕਰਨਗੇ ? ਵ੍ਰਿਮਾਤਾ ਜੱਟ ਦੇ ਸੰਜੋਗਾਂ 'ਚ ਵਰ ਲਿਖਣ ਮੌਕੇ ਜੱਟ ਦੀ ਭੋਇੰ ਅਵਸ਼ ਵੇਖਦੀ ਏ... ...ਜੇ ਜੱਟ ਦੀ ਜ਼ਮੀਨ ਥੋੜੀ ਆਉਂਦੀ ਹੋਵੇ ਤਾਂ ਵਿਊਮਾਤਾ ਦੀ ਕਾਨੀ ਨੂੰ ਵਰ ਸ਼ਬਦ ਪਾਉਣ ਤੋਂ ਪਹਿਲਾਂ ਹੀ ਬਰੇਕ ਲੱਗ ਜਾਂਦੀ ਹੈ।

ਡੂੰਗਰ ਸਿੰਘ (1): ਇਕ ਆਥਨ ਤਾਏ ਅਰਜਨ ਸਿੰਘ ਨੇ ਸੰਗਦੇ ਸੰਗਾਉਂਦੇ ਨੇ ਬਾਪੂ ਤੇ ਬੇਬੇ ਕੋਲ ਮੇਰੇ ਸਾਕ ਦੀ ਗੱਲ ਕੀਤੀ।

*(ਤਿੰਨ ਆਵਾਜ਼ਾਂ 'ਚ। ਇਹ ਆਵਾਜ਼ ਗੰਗਾ ਪਾਪੀ ਦੀ ਹੋ ਸਕਦੀ ਹੈ।)*

ਬਾਪੂ : ਵਡੇ ਭਾਈ, ਸੰਗਦਾ ਕਿਉਂ ਏ ? ਅਸੀਂ ਕੋਈ ਓਪਰੇ ਹਾਂ ਤੂੰ ਗੱਲ ਕਰ।

ਅਰਜਨ : ਲਓ ਸੁਣ ਲਵੋ, ਆਪਣੇ ਧੱਕੜ ਸਿੰਘ ਵਾਲੇ ਕੁੜਮ ਸੁੱਚਾ ਸਿਓਂ ਨੇ ਸਾਕ ਦੀ ਦੱਸ ਪਾਈ ਐ, ਸਾਕ ਹੋ ਵੀ ਜਾਊ।

ਮਾਂ : ਫੇਰ ਕਸਰ ਕੀ ਐ, ਡੂੰਗਰ ਦਾ ਤਾਇਆ।

ਅਰਜਨ : ਕਸਰ ਤਾਂ ਪ੍ਰੇਮ ਕੁਰੇ, ਇਹ ਐ ਕਿ ਇਕ ਤਾਂ ਲੜਕੀ ਤੇ ਡੂੰਗਰ ਸਿਓਂ ਦੀ ਆਯੂ 'ਚ ਕੰਮ ਸੇ ਕੰਮ ਸੌਲਾਂ ਸਤਾਰਾਂ ਵਰ੍ਹਿਆਂ ਦਾ ਵੱਟਾ ਐ, ਦੂਜਾ ਲੜਕੀ ਦਾ ਬਾਪ ਬੁੱਧਾ ਅਮਲੀ ਖਰਚੇ ਦਾ ਪੂਰਾ ਪੰਜ ਹਜ਼ਾਰ ਰੁਪਈਆ ਨਕਦ ਮੰਗਦਾ ਏ...

ਡੂੰਗਰ ਸਿੰਘ (2): ਬਾਪੂ ਨੇ ਇਹ ਮੰਗ ਕਿਥੋਂ ਪੂਰੀ ਕਰਨੀ ਸੀ ? ਸਮਾਂ ਲੰਘਣ ਦੇ ਨਾਲ-ਨਾਲ ਬਾਪੂ ਨੇ ਆਪਣੇ ਮਨ ਨੂੰ ਮਨਾ ਲਿਆ। ਉਹਨਾਂ ਨੇ ਮੇਰੇ ਨਾਲ ਗੱਲ ਕੀਤੀ। ਜਿਸ ਦਿਨ ਉਹਨਾਂ ਨੇ ਮੇਰੇ ਨਾਲ ਗੱਲ ਕੀਤੀ ਤਾਂ ਗੱਲ ਸੁਣ ਕੇ ਸੁੰਨ ਹੋ ਗਿਆ... ਉਸ ਰਾਤ ਟਿਊਬਵੈਲ ਵਾਲੇ ਕੋਠੇ

ਵਿਚ ਸੁੱਤਾ ਪਿਆ ਮੈਂ ਅਬੜਵਾਹੇ ਉਠ ਖਲੋਤਾ ਜਿਸ ਤਰ੍ਹਾਂ ਕਿਸੇ ਭੈੜੇ ਸੁਪਨੇ ਤੋਂ ਜਾਗਿਆ ਹੋਵਾਂ ਤੇ ਮੈਂ ਫੇਰ ਉਸ ਉਪਰ ਵਾਲੇ ਨਾਲ ਗਿਲ੍ਹਾ ਕੀਤਾ।

ਡੂੰਗਰ ਸਿੰਘ (2): ਓਏ ਉਪਰ ਵਾਲਿਆ ਅੱਜ ਮੇਰਾ ਜੀਅ ਕਰਦਾ ਹੈ ਕਿ ਤੈਨੂੰ ਇਕ ਲੰਮੀ ਸਾਰੀ ਗਾਲ੍ਹ ਕੱਢਾਂ ਤੇ ਪੁੱਛਾਂ...ਤੂੰ ਮੇਰੇ ਨਾਲ ਇਹ ਕਿਉਂ ਕਰ ਰਿਹਾ ਏਂ ? ਕੀ ਕਸੂਰ ਏ ਮੇਰਾ ? ਸਾਡਾ ਬਾਬੇ ਪਾਲੇ ਕਿਆਂ ਦਾ ਲਾਣਾ... ਖਾਨਦਾਨੀ ਪਖੋਂ ਸਾਰੇ ਜੋਗਾਪੁਰ ਪਿੰਡ ਵਿਚੋਂ ਚੋਟੀ ਦਾ ਗਿਣਿਆ ਜਾਂਦੈ, ਸਰੀਰ ਮੇਰੇ 'ਚ ਕੋਈ ਵੱਝ ਨਹੀਂ, ਗਾਡਰਵ ਰਗਾ ਗੱਭਰੂ ਆ, ਕਿਸੇ ਕਿਸਮ ਦਾ ਕੋਈ ਐਬ ਮੈਨੂੰ ਨਹੀਂ, ਕੰਮ ਕਰਨ ਨੂੰ ਮੈਂ ਦੋ ਵਰਗਾ ਹਾਂ... ਪਰ ਫੇਰ ਵੀ ਮੈਨੂੰ ਹਾਣ ਦਾ ਵਰ ਕਿਉਂ ਨਹੀਂ ਮਿਲ ਰਿਹੈ ? ਮੈਨੂੰ ਪੱਚੀ ਛੱਬੀ ਵਰ੍ਹਿਆਂ ਨੂੰ ਅੱਠ ਨੌਂ ਵਰ੍ਹਿਆਂ ਦੀ ਲੜਕੀ ਦਾ ਰਿਸ਼ਤਾ... ਉਹ ਵੀ ਮੁੱਲ ਦਾ ਕਿਉਂ ਹੋ ਰਿਹੈ... ਏਸੇ ਕਰਕੇ ਨਾ, ਮੈਨੂੰ ਥੋੜੀ ਭੋਇਂ ਆਉਂਦੀ ਐ... ਸਵਾ ਤਿੰਨ ਘੁੰਮਾਂ... ਓਏ ਦੁਨਿਆ ਬਣਾਉਣ ਵਾਲਿਆ... ਤੇਰੀ ਦੁਨੀਆ ਵਿਚ ਇਨਸਾਫ ਨਾਂ ਕੀ ਕੋਈ ਚੀਜ ਨਹੀਂ... ਕੋਈ ਚੀਜ਼ ਨਹੀਂ ਇਨਸਾਫ ਨਾਲ ਦੀ... ਐਵੇਂ ਪੂਛ ਚੁੱਕੀ ਫਿਰਦੈ। ਸਾਲਾ ਕਾਣੀ ਵੰਡ ਕਰਨ ਵਾਲਾ।

*(ਕਹਿੰਦਾ-ਕਹਿੰਦਾ ਬਾਹਰ ਚਲਾ ਚਾਂਦਾ ਹੈ।)*

ਡੂੰਗਰ ਸਿੰਘ (1): ਮੈਂ ਬਾਪੂ ਬੇਬੇ ਨੂੰ ਕੋਈ ਜਵਾਬ ਨਾ ਦਿੱਤਾ, ਮੇਰੀ ਚੁੱਪ ਨੂੰ ਪ੍ਰਵਾਨਗੀ ਸਮਝਦੇ ਹੋਏ ਬੁੱਧੇ ਅਮਲੀ ਨਾਲ ਸੌਦਾ ਪੂਰਾ ਹੋਇਆ ਤੇ ਤੇਜੋ ਦਾ ਡੋਲਾ ਜੋਗਾਪੁਰ 'ਚ ਆ ਗਿਆ।

*(ਵਿਆਹ ਵੇਲੇ ਦਾ ਵਾਜਾ ਕੈਸਟ 'ਚ ਵਜਾਇਆ ਜਾਂਦਾ ਹੈ।)*

ਡੂੰਗਰ ਸਿੰਘ (2): ਵਾਜਿਆਂ ਦੀ ਡੈਂ-ਡੈਂ, ਡਾਂਅ ਡਾਂਅ ਨੇ ਬੀਨਾਂ ਦੀ ਪਾਂਅ ਪਾਂਅ, ਪੀ ਪੀ ਨੇ ਬਲਦਾਂ ਦੇ ਗਲਾਂ ਦੀਆਂ ਘੁੰਗਰਾਲਾਂ ਦੀਟਨ ਟਨ, ਟਣਨ ਟਣਨ, ਬੋਤਿਆਂ ਦੀਆਂ ਗਲਾਂ ਦੀਆਂ ਟੱਲੀਆਂ ਟੱਲਾਂ ਅਤੇ ਸ਼ਰਾਬੀ ਜਾਂਜੀਆਂ ਬੰਨਿਓ ਬੁਲਾਏ ਬਕਰਿਆਂ ਅਤੇ ਸਾਰੇ ਲਲਕਾਰਿਆਂ ਦੀਆਂ ਆਵਾਜ਼ਾਂ ਨੇ ਪਤਲੇ ਹਨੇਰੇ ਨਾਲ ਭਰੀ ਬੀਹੀ 'ਚ ਖੂਬ ਹੱਲਾ ਗੁੱਲਾ ਮਚਾਇਆ... ਤਾਏ ਅਰਜਨ ਨੇ ਗੰਗੇ ਪਾਪੀ ਦੀ ਹਵੇਲੀ ਵੱਲ ਮੂੰਹ ਕਰਕੇ ਇਕ ਲਲਕਾਰਾ ਮਾਰਿਆ, ਜਿਹੜਾ ਸਾਰੀ ਫਿਜ਼ਾ 'ਚ ਫੈਲ ਗਿਆ...

*(ਖੂੰਡੀ ਹੱਥ ਫੜ ਭੰਗੜਾ ਪਾਉਂਦਾ ਹੈ। ਨੋਟ : ਇਹ ਡੂੰਗਰ ਸਿੰਘ (1) ਵੀ ਮਾਰ ਸਕਦਾ ਹੈ।)*

(ਲਲਕਾਰਾ)

ਡੂੰਗਰ ਸਿੰਘ (1): ਵਿਉਮਾਤਾ ਦੀ ਕਲਮ ਨੂੰ ਬਰੇਕ ਲਾਉਣ ਵਾਲਾ, ਹੈ ਕੋਈ ਜੱਦੀ ਦਾ ਓਏ... ਦੇਖ ਲਵੋ ਬਾਬੇ ਪਾਲੇ ਦਾ ਡੂੰਗਰ ਲਈ ਜਾਂਦੈ, ਡੋਲਾ ਓਏ...

ਡੂੰਗਰ ਸਿੰਘ (1): ਅੱਜ ਮੈਂ ਸੋਚਦਾ ਹਾਂ ਕਿ ਇਸ ਲਲਕਾਰੇ ਵਿਚ ਫੋਕੀ ਮੂਰਖਤਾ ਤੋਂ ਸਵਾ ਹੋਰ ਕੁਝ ਨਹੀਂ ਸੀ, ਤੇਜੋ ਦੀ ਪਹਿਲੀ ਆਵਾਜ਼ ਜਿਹੜੀ ਸਾਡੇ ਵਿਹੜੇ ਨਿਕਲੀ, ਉਹ ਰੋਣ ਦੀ ਹੀ ਸੀ।

ਆਵਾਜ਼ ਮੈਨੂੰ ਮੇਰੀ ਮਾਂ ਕੋਲ ਛੱਡਕੇ ਆਓ... ਮੈਨੂੰ ਮੇਰੀ ਮਾਂ ਕੋਲ ਛੱਡਕੇ ਆਓ... ..

ਡੂੰਗਰ ਸਿੰਘ (1): ਤੇਜੋ ਨੂੰ ਵਿਰਾਉਣ ਦੇ ਮਨਸੇ ਨਾਲ ਮੇਰੀ ਛੋਟੀ ਭੈਣ ਬੀਬੋ ਆਪਦੀਆਂ ਸਕੂਲ ਵਾਲੀਆਂ ਪੋਥੀਆਂ ਵਿਚੋਂ ਉਸਨੂੰ ਮੂਰਤਾਂ ਵਿਖਾਉਂਦੀ।ਬੇਬੇ ਉਸਨੂੰ ਲਾਡ ਪਿਆਰ ਨਾਲ ਬਾਤਾਂ ਸੁਣਾਉਂਦੀ... (ਇਥੇ ਔਰਤ ਦੀ ਆਵਾਜ਼ ਵਿਚ ਕੋਈ ਬਾਤ ਵੀ ਸੁਣਾਈ ਜਾ ਸਕਦੀ ਹੈ ਪਰ ਨਾ ਵੀ ਹੋ ਸਕੇ ਤਾਂ ਵਾਰਤਾ ਅਗੇ ਤੁਰਦੀ ਜਾਂਦੀ ਹੈ।) ਹੌਲੇ ਹੌਲੇ ਉਹ ਟੱਬਰ 'ਚ ਪਲਦੀ ਪਲਦੀ ਮੇਰੇ ਛੋਟੇ ਭਰਾ ਦੀ ਹੋ ਗਈ। (ਹੁਣ ਮੈਂ ਸੋਚ ਸਕਦਾ ਹਾਂ, ਇਹ ਉਮਰਾਂ ਦਾ ਜੋੜ ਸੀ) ਮੇਰੇ ਕੋਲੋਂ ਤਾਂ ਉਹ ਹਮੇਸ਼ਾਂ ਤ੍ਰਹਿਦੀ ਹੀ ਰਹੀ। ਉਮਰਾਂ ਦੇ ਫਰਕ ਨੂੰ ਕੌਣ ਮੇਟ ਸਕਦਾ ਸੀ। ਮੈਂ ਉਖੜਿਆ ਉਖੜਿਆ ਰਹਿਣ ਲੱਗਾ। ਛੋਟੇ ਭਰਾ ਨਾਲ ਵਿਰੋਧ ਅੰਦਰੋਂ ਅੰਦਰ ਪਲਣ ਲੱਗਾ। ਮੈਂ ਇਸ ਵਰਤਾਰੇ ਦੇ ਵਿਸਥਾਰ 'ਚ ਨਹੀਂ ਜਾਂਦਾ ਮੈਨੂੰ ਆਪਣਾ ਹੀ ਭਰਾ ਵਿਹੁੰ ਵਰਗਾ ਲਗਣਾ ਸ਼ੁਰੂ ਹੋ ਗਿਆ। ਬਜ਼ੁਰਗਾਂ ਵੱਲੋਂ ਹਮੇਸ਼ਾਂ ਇਹ ਤਾਕੀਦ ਹੀ ਮਿਲਦੀ, ਜੋ ਸਦੀਆਂ ਹੰਢਾਈ ਸਚਾਈ ਸੀ।

ਆਵਾਜ਼ : ਡੂੰਗਰ ਸਿਆਂ, ਬੰਦੇ ਨੂੰ ਕੁਦਰਤ ਜਿਥੇ ਰੱਖੇ, ਉਥੇ ਹੀ ਰਹਿਣਾ ਪੈਂਦਾ ਐ... ਜੇ ਅੱਗ ਲਗਣੀ ਭੋਇਂ ਜ਼ਰੂਰਤ ਜੋਗੀ ਹੁੰਦੀ ਤਾਂ ਫੇਰ ਤੇਰਾ ਤਾਂ ਤੇਜ ਕੌਰ ਦਾ ਕਜੋੜ ਕਾਹਨੂੰ ਹੁੰਦਾ। ਤੁਸੀਂ ਮਾਂ ਜਾਏ ਕਾਹਨੂੰ ਇਕ ਦੂਜੇ ਦੇ ਦੁਸ਼ਮਣ ਬਣਦੇ...ਹੁਣ ਤਾਂ ਮੇਰਾ ਸ਼ੇਰ ਤੂੰ ਹੀ ਸਿਆਣਾ ਬਣ... ਤੂੰ ਇਹ ਸੋਚ ਕਿ ਜ਼ੈਲਾ ਤੇ ਤੂੰ ਇਕ ਮਾਂ ਪੇਟੋਂ ਜਨਮੇਂ ਹੋ... ਤੁਹਾਡੀ ਅਣਖ ਇਜ਼ਤ ਸਾਂਝੀ ਹੈ।ਘਰੇ ਤਫਾਕ ਹੋਵੇ ਤਾਂ ਥੋੜੀ ਭੋਇਂ ਵਾਲੇ ਜੱਟਾਂ ਦੇ ਦੋ-ਦੋ ਤਿੰਨ-ਤਿੰਨ ਭਰਾਵਾਂ ਵਿਚੋਂ ਇਕੋ ਜਣਾ ਹੀ ਸ਼ਾਦੀ ਕਰਵਾਉਂਦੈ...

ਡੂੰਗਰ ਸਿੰਘ (1): ਮੈਂ ਹਾਲਾਤ ਨਾਲ ਸਮਝੌਤਾ ਤਾਂ ਕਰ ਲਿਆ ਪਰ ਆਪਣੀ ਅਣਖ ਨਾਲ ਸਮਝੌਤਾ ਨਾ ਕਰ ਸਕਿਆ। ਮੇਰਾ ਮਨ ਉਚਾਟ ਹੋ ਗਿਆ

ਤੇ ਮੈਂ ਖੇਤ ਵਾਲੀ ਕੋਠੜੀ ਵਿਚ ਆਪਣਾ ਡੇਰਾ ਬਣਾ ਲਿਆ। ਨਾ ਮੇਰਾ ਕਿਸੇ ਨਾਲ ਬੋਲਣ ਨੂੰ ਚਿੱਤ ਕਰਦਾ। ਨਾ ਮੇਰੀ ਖਾਣ ਹੰਢਾਉਣ ਦੀ ਰੁੱਚੀ ਰਹੀ। ਮੈਨੂੰ ਸਾਧਾਂ ਵਾਲਾ ਭਗਵਾਂ ਰੰਗ ਚੰਗਾ ਲੱਗਣ ਲੱਗਾ। ਮੈਂ ਭਗਵੇਂ ਰੰਗ ਦੇ ਲੀੜੇ ਸਵਾਂ ਕੇ ਪਹਿਨੇ। ਖੇਤੀ ਅਤੇ ਘਰ ਦਾ ਕੰਮ ਕਰਨਾ ਛੱਡ ਦਿੱਤਾ...

*(ਨੋਟ: ਹੁਣ ਡੂੰਗਰ ਸਿੰਘ (2) ਦਾ ਪਹਿਰਾਵਾ ਬਦਲ ਜਾਂਦਾ ਹੈ। ਦਾੜੀ 'ਚ ਇਕ ਦੋ ਚਿੱਟੇ ਵਾਲ ਵੀ ਆ ਜਾਂਦੇ ਹਨ।)*

ਡੂੰਗਰ ਸਿੰਘ (1): ਬਹੁਤਾ ਟੈਮ ਬਸ ਆਪਣੇ ਖੇਤ ਵਾਲੇ ਕੋਠੇ 'ਚ ਹੀ ਲੰਘਦਾ। ਜੇ ਕਦੇ ਚਿੱਤ ਬਹੁਤ ਉਦਾਸ ਹੁੰਦਾ ਤਾਂ ਤਾਏ ਅਰਜਨ ਕੋਲ ਜਾਂਦਾ... ਤਾਏ ਅਰਜਨ ਨੇ ਹੀ ਮੈਨੂੰ ਦੱਸਿਆ ਸੀ ਕਿ ਪਿਆਰੋ ਦੀ ਗ੍ਰਹਿਸਤੀ ਕੋਈ ਸੁਖੀ ਨਹੀਂ। ਉਹ ਬੂੜੇ ਦੇ ਪਿੰਡ ਦੇ ਸਰੂਪੇ ਨੂੰ ਵਿਆਹੀ ਹੋਈ ਏ... ਨੰਬਰਦਾਰਾਂ ਨਾਲ ਉਹ ਸੀਰ ਕਰਦਾ ਸੀ। ਨੰਬਰਦਾਰਾਂ ਨੇ ਕੰਮ ਦੇ ਲਾਲਚ 'ਚ ਭੁੱਕੀ ਖਾਣ ਦੀ ਆਦਤ ਪਾ ਦਿੱਤੀ ਸੀ। ਭੁੱਕੀ ਖਾਣ ਦੀ ਹੀ ਆਦਤ ਦਾ ਗੁਲਾਮ ਬਣਿਆ, ਉਹ ਪੱਕਾ ਅਮਲੀ ਬਣ ਚੁੱਕਿਆ ਸੀ ਤੇ ਹੁਣ ਉਸਦੇ ਲਈ ਕੰਮ ਕਰਨਾ ਔਖਾ ਬਣਿਆ ਹੋਇਆ ਸੀ। ਜਿਸ ਕਾਰਨ ਘਰ ਦਾ ਖਰਚਾ ਕਰਨਾ ਪੱਠਾ ਤੋਰਨ ਲਈ ਪਿਆਰੋ ਨੂੰ ਪਿੰਡ ਦੇ ਕਈ ਧਨਾਡ ਘਰਾਂ ਦੇ ਡੰਗਰਾਂ ਦਾ ਗੋਹਾ ਕੂੜਾ ਕਰਨਾ ਪੈ ਰਿਹਾ ਸੀ। ਹੁਣ ਉਹਦੀਆਂ ਦੋ ਧੀਆਂ ਸਨ। ਪਿਆਰੋ ਨੂੰ ਮੁਖਤਿਆਰੋ ਕੋਲੋਂ ਸਾਡੇ ਘਰ ਦੇ ਕਲੇਸ਼ ਬਾਰੇ ਵੀ ਸਾਰੀ ਖ਼ਬਰ ਸੀ। ਉਹ ਆਪਣੀ ਭੈਣ ਨੂੰ ਮਿਲਣ ਆਈ ਸੀ ਪਰ ਭੈਣ ਦੇ ਵਾਂਢੇ ਗਏ ਹੋਣ ਕਰਕੇ ਉਹ ਵਾਪਸ ਮੁੜ ਰਹੀ ਸੀ ਤੇ ਮੈਨੂੰ ਗਲੀ ਦੇ ਮੋੜ 'ਤੇ ਮਿਲ ਗਈ।

ਡੂੰਗਰ ਸਿੰਘ (2): ਕਿਵੇਂ ? ਸਿਆਣ ਨਹੀਂ ਆਈ ਪਿਆਰੋ ?

ਪਿਆਰੋ : ਹੈਂ ਮੈਂ ਮਰ ਜਾਂ, ਡੂੰਗਰ ਸਿਓਂ ਐਂ ? ਤੂੰ ਭਗਵਾ ਬਾਣਾ ਕਦੋਂ ਦਾ ਪਾਇਆ ?

ਡੂੰਗਰ ਸਿੰਘ (2): ਬਸ ਪਾ ਲਿਆ...

ਪਿਆਰੋ : ਤਾਏ ਅਰਜਨ ਨੇ ਮੈਨੂੰ ਤੁਹਾਡੇ ਘਰ ਦੇ ਕਲੇਸ਼ ਬਾਰੇ ਦੱਸਿਆ। ਕਾਸ਼ ਝੰਡੀ ਤਹਿ ਕਰਨ ਵੇਲੇ ਤੇਰੇ ਹੱਥਾਂ ਦੀ ਮੇਰੇ ਹੱਥਾਂ ਦੀ ਛੂਹ ਇਕ ਹਕੀਕਤ ਬਣ ਜਾਂਦੀ।

ਡੂੰਗਰ ਸਿੰਘ (1): ਇਹ ਕਾਸ਼ ਸ਼ਬਦ ਵਿਚ ਹੀ ਸਾਡੇ ਸਮਾਜ ਦੀਆਂ ਸਾਰੀਆਂ ਮਜ਼ਬੂਰੀਆਂ ਸਮੋਈਆਂ ਹੋਈਆਂ ਹਨ, ਥੋੜੀ ਭੋਇੰ ਵਾਲੇ ਕਿਸਾਨ ਅਤੇ ਬਿਨਾਂ ਭੋਇੰ ਦੇ ਵਿਹੜੇ ਵਾਲਿਆਂ ਦਾ ਬਹੁਤ ਕੁਝ ਸਾਂਝਾ ਹੋਣ

’ਤੇ ਸਾਂਝ ਨਹੀਂ ਬਣ ਸਕੀ... ਮੁਖਤਿਆਰੋ ਦੇ ਪਿੰਡ ਨਾ ਹੋਣ ਕਰਕੇ ਪਿਆਰੋ ਨੇ ਵਾਪਸ ਮੁੜਨਾ ਸੀ। ਅੱਜ ਬਿਨਾਂ ਝਿਜਕ ਮੈਂ ਉਹਦੇ ਹੱਥੋਂ ਉਹਦੀ ਗੰਢੜੀ ਫੜ ਲਈ ਤੇ ਅੱਡੇ ਵੱਲ ਨੂੰ ਤੁਰ ਪਏ।

ਪਿਆਰੋ : ਡੂੰਗਰ ਸਿਆਂ ਤੈਨੂੰ ਇਹ ਭਗਵਾਂ ਬਾਣਾ ਨਹੀਂ ਸੋਂਹਦਾ। ਲਿਆ ਫੜਾ ਮੇਰੀ ਗੰਢੜੀ, ਹੁਣ ਮੈਂ ਆਪੇ ਚਲੀ ਜਾਵਾਂਗੀ।

ਡੂੰਗਰ ਸਿੰਘ (1): ਪਿਆਰੋ ਨਾਲ ਇਸ ਮੁਲਾਕਾਤ ’ਚ ਮੈਂ ਪਿਆਰੋ ਦਾ ਇਹ ਸੁਨਿਹਾ ਜ਼ਰੂਰ ਲੈ ਲਿਆ ਕਿ ਭਗਵਾਂ ਬਾਣਾ ਮੇਰੇ ਲਈ ਪਾਉਣਾ ਠੀਕ ਨਹੀਂ। ਇਸੇ ਮੁਲਾਕਾਤ ਦੇ ਬਾਅਦ ਹੀ ਮੇਰੀ ਜ਼ਿੰਦਗੀ ਦਾ ਅਗਲਾ ਸਫਰ ਸ਼ੁਰੂ ਹੁੰਦਾ ਹੈ, ਜਦੋਂ ਸਕੂਲ ’ਚ ਆਏ ਨਵੇਂ ਮਾਸਟਰ ਤਰਨਜੀਤ ਸਿੰਘ ਨਾਲ ਮੇਰਾ ਮੇਲ ਹੋਇਆ। ਉਹਨਾਂ ਵੱਲੋਂ ਦਿੱਤੀ ਮੈਨੂੰ ਇਕ ਦੁਵਰਕੀ ਪੜ੍ਹਣ ਨੂੰ ਮਿਲੀ।

*(ਡੂੰਗਰ ਸਿੰਘ (2) ਦੁਵਰਕੀ ਪੜ੍ਹਦਾ ਹੈ।)*

ਪਿਛੋਂ ਆਵਾਜ਼ : ਮਜ਼ਦੂਰਾਂ ਕਿਸਾਨਾਂ ਨੂੰ ਉਦੋਂ ਤੱਕ ਸੁੱਖ ਦਾ ਸਾਹ ਕਿਸੇ ਕੋਲੋਂ ਨਹੀਂ ਆ ਸਕਦਾ ਜਦੋਂ ਤੱਕ ਭੋਇੰ ਤੋਂ ਜਗੀਰਦਾਰਾਂ ਦੀ ਮਾਲਕੀ ਅਤੇ ਆਮਦਨੀ ਦੇ ਦੂਜੇ ਵਸੀਲਿਆਂ ਤੋਂ ਦੇਸੀ ਵਿਦੇਸ਼ੀ ਲੋਟੂਆਂ ਦੀ ਮਾਲਕੀ ਦਾ ਭੋਗ ਨਹੀਂ ਪਾਇਆ ਜਾਂਦਾ। ਇਹ ਮਹਾਨ ਕਾਰਜ ਕੀਤੇ ਬਿਨਾਂ ਮਜ਼ਦੂਰਾਂ ਕਿਸਾਨਾਂ ਦੀ ਜ਼ਿੰਦਗੀ ਚਿਖਾ ਸਮਾਨ ਬਣੀ ਹੀ ਰਹੇਗੀ। ਘਰੇਲੂ ਲੜਾਈਆਂ ਨਾਲ, ਸਾਧਾਂ ਵਾਲੇ ਲੀੜੇ ਪਾ ਕੇ ਅਤੇ ਜਾਂ ਫੇਰ ਖੁਦਕੁਸ਼ੀਆਂ ਦੇ ਰਾਹ ਪੈਣ ਨਾਲ ਮੁਕਤੀ ਨਹੀਂ ਹੋਣੀ। ਮੁਕਤੀ ਤਾਂ ਵੈਰੀਆਂ ਨੂੰ ਖਤਮ ਕਰਕੇ ਹੋਣੀ ਹੈ।

ਡੂੰਗਰ ਸਿੰਘ (2): ਮੈਂ ਮਾਸਟਰ ਤਰਨਜੀਤ ਦਾ ਪੈਰੋਕਾਰ ਬਣਿਆ। ਪਹਿਲਵਾਨ ਡੂੰਗਰ ਸਿੰਘ ਤੋਂ ਕਾਮਰੇਡ ਡੂੰਗਰ ਸਿੰਘ ਬਣ ਗਿਆ। ਇਕ ਨਵਾਂ ਹੌਸਲਾ ਮੇਰੇ ਵਿਚ ਆਇਆ। ਮੈਂ ਬਹੁਤ ਇਨਕਲਾਬੀ ਸਾਹਿਤ ਪੜ੍ਹਿਆ। ਮੈਨੂੰ ਇਸ ਸਾਰੇ ਗਰੀਬ ਵਰਤਾਰੇ ਦੀ ਹੌਲੇ ਹੌਲੇ ਸਮਝ ਪਈ। ਸਾਰੇ ਲੋਟੂ ਪ੍ਰਬੰਧ ਵਿਰੁੱਧ ਮੈਂ ਸੰਘਰਸ਼ ਲਈ ਮੈਦਾਨ ਵਿਚ ਨਿਤਰਿਆ। ਅਸੀਂ ਲੋਕਾਂ ਦੇ ਹੱਕਾਂ ਦੀ ਰਖਵਾਲੀ ਲਈ ਇਕ ਸਭਾ ਬਣਾਈ, ਸੰਘਰਸ਼ ਕੀਤੇ। ਸੰਘਰਸ਼ਾਂ ਦੇ ਦੌਰਾਨ ਸਾਡਾ ਬਹੁਤੀ ਵਾਰੀ ਟਾਕਰਾ ਪੁਲਿਸ ਨਾਲ ਹੁੰਦਾ, ਜੋ ਇਸ ਸਾਰੇ ਨਿਜ਼ਾਮ ਦੇ ਰਖਵਾਲੇ ਹਨ। ਪ੍ਰਬੰਧ ਨਾਲ ਨਫਰਤ ਪੁਲਿਸ ਨਾਲ ਨਫਰਤ ਵਿਚ ਬਦਲਦੀ ਗਈ। ਇਕ ਦਿਨ ਮੈਂ ਮਾਸਟਰ ਤਰਨਜੀਤ ਦੇ ਘਰ ਨੂੰ ਜਾ ਰਿਹਾ ਸੀ। ਮਜ਼ਦੂਰਾਂ ਦੇ ਵਿਹੜੇ ਬੰਨੀਓ ਮੈਨੂੰ ਦੋ ਸਿਪਾਹੀ ਤੇ ਨਰਾਤਾ ਚੌਕੀਦਾਰ ਆਉਂਦੇ ਟੱਕਰੇ – ਸਿਪਾਹੀਆਂ ਨੂੰ ਵੇਖਦਿਆਂ ਮੈਨੂੰ ਚਿੜ

ਜਿਹੀ ਚੜ੍ਹੀ। ਮੈਂ ਖਰਵੀਂ ਆਵਾਜ਼ 'ਚ ਨਰਾਤੇ ਨੂੰ ਪੁੱਛਿਆ...

*(ਹੁਣ ਤਿੰਨ ਆਵਾਜ਼ਾਂ 'ਚ ਰੇਡੀਓ ਵਾਂਗ ਡਰਾਮਾ ਹੁੰਦਾ ਹੈ।)*

ਕਾਮਰੇਡ ਡੂੰਗਰ: ਚੌਕੀਦਾਰਾ ਕਿਧਰ ਲਈ ਫਿਰਦੈ ਇਨ੍ਹਾਂ ਨੂੰ ?

ਚੌਕੀਦਾਰ : ਤਰਨਜੀਤ ਮਾਸਟਰ ਦੇ ਘਰ ਜਾ ਕੇ ਆਇਐਂ, ਡੂੰਗਰ ਸਿਆਂ...

ਡੂੰਗਰ ਸਿੰਘ : ਉਏ ਕਿਉਂ ? ਤਰਨਜੀਤ ਮਾਸਟਰ ਦੇ ਘਰੋਂ ਵੜੇਵੇਂ ਲੈਣ ਗਏ ਸੀ ?

ਸਿਪਾਹੀ : (ਡਾਂਗ ਵਰਾਉਣ ਦੀ ਆਵਾਜ਼ ਤੇ ਫੇਰ) ਭੈਣ ਦਿਆ ਕੌਣ ਐ ਤੂੰ ਇਉਂ ਬਕਵਾਸ ਕਰਨ ਵਾਲਾ ?

ਡੂੰਗਰ ਸਿੰਘ (2): ਮੈਨੂੰ ਸਿਪਾਹੀ ਦੇ ਮਾਰੇ ਡੰਡੇ ਦਾ ਐਨਾ ਦੁੱਖ ਨਾ ਹੋਇਆ, ਜਿੰਨਾ ਦੁੱਖ ਉਹਦੀ ਗਾਲ੍ਹ ਦਾ ਹੋਇਆ। ਮੇਰੇ ਲਹੂ ਦੇ ਚੱਕਰ ਤੇਜ਼ ਹੋਏ। ਮੈਂ ਅੱਖ ਦੇ ਫੋਰ 'ਚ ਤੇੜ ਬੰਨ੍ਹੇ ਚਾਦਰੇ ਦਾ ਲਾਗੜ ਮਾਰਿਆ। ਦੋਹਾਂ ਸਿਪਾਹੀਆ ਨੂੰ ਆਪਣੀਆਂ ਕੱਛਾਂ 'ਚ ਲਿਆ। ਚੌਕੀਦਾਰ ਦੇ ਰੋਕਦਿਆਂ ਰੋਕਦਿਆਂ ਮੈਂ ਸਿਪਾਹੀਆਂ ਨੂੰ ਮੁਸ਼ਕ ਮਾਰਦੇ ਟੋਭੇ ਦੇ ਪਾਣੀ 'ਚ ਉਹਨਾਂ ਦੀਆਂ ਦੀਆਂ ਟੁੱਬੀਆਂ ਲਗਵਾਈਆਂ। ਚੌਕੀਦਾਰ ਦਾ ਰੌਲਾ ਸੁਣ ਮਿੰਟਾਂ ਸਕਿੰਟਾਂ 'ਚ ਟੋਭੇ ਦੇ ਪੱਤਣ ਦੇ ਤਮਾਸ਼ਬੀਣ ਲੋਕਾਂ ਦਾ 'ਕੱਠ ਹੋ ਗਿਆ।

*(ਇਕੱਠ ਦੀਆਂ ਆਵਾਜ਼ਾਂ ਦਾ ਰੌਲਾ ਤੇ ਫੇਰ ਤਾਏ ਅਰਜਨ ਦੀ ਆਵਾਜ਼ ਡੂੰਗਰ ਛੱਡ ਦੇ, ਛੱਡ ਦੇ ਕੀ ਮਾਰ ਹੀ ਦੇਣੇ ਈ ?)*

ਡੂੰਗਰ ਸਿੰਘ (1): (ਜਾਰੀ ਰਖਦੇ ਹੋਏ) ਤਾਏਅਰਜਨ ਦੇ ਕਹਿਣ 'ਤੇ ਮੈਂ ਸਿਪਾਹੀਆਂ ਨੂੰ ਕੱਛਾਂ 'ਚੋਂ ਛੱਡਿਆ। ਇਸ ਘਟਨਾ ਦੇ ਕਈ ਪ੍ਰਤੀਕਰਮ ਹੋਏ। ਪੁਲਿਸ ਦੀਆਂ ਧਾੜਾਂ ਦੀਆਂ ਧਾੜਾਂ ਪਿੰਡ ਆ ਪੁੱਜੀਆਂ। ਥਾਣੇ ਮੈਨੂੰ ਇਹ ਸਭ ਤਸੀਹੇ ਦਿੱਤੇ ਗਏ, ਜੋ ਇਨਕਲਾਬੀਆਂ ਦੇ ਵਿਰੁੱਧ ਇਕ ਗਿਣੀ ਮਿਥੀ ਨੀਤੀ ਬਣ ਚੁੱਕੀ ਸੀ। ਉਹ ਤਸੀਹੇ ਦੇਂਦੇ ਰਹੇ, ਮੈਂ ਇਨਕਲਾਬ ਜ਼ਿੰਦਾਬਾਦ, ਨਕਸਲਬਾੜੀ ਜ਼ਿੰਦਾਬਾਦ ਨਾਅਰੇ ਲਗਾਉਂਦਾ ਰਿਹਾ... ਇਹ ਸਿਲਸਿਲਾ ਚਲਦਾ ਰਿਹਾ। ਕੁਝ ਦਿਨਾਂ ਬਾਅਦ ਅੱਧਮੋਇਆ ਜਾਣ ਕੇ ਮੈਨੂੰ ਥਾਣੇ ਦੇ ਬਾਹਰ ਸੁੱਟ ਦਿੱਤਾ ਗਿਆ। ਮੇਰੇ ਪੁਲਿਸ ਚੌਕੀ ਤੋਂ ਆਉਣ ਪਿਛੋਂ ਗੰਗੇ ਪਾਪੀ ਵਰਗੇ ਨੇ ਮੈਨੂੰ ਮੇਰੀ ਪਿੱਠ ਪਿੱਛੇ ਕਮਲਾ ਆਖਣ ਲਗੇ। ਜ਼ੈਲਾ ਅਤੇ ਮੇਰੀ ਤੇਜੋ, ਨਹੀਂ ਮੇਰੀ ਤੇਜੋ ਨਹੀਂ, ਜ਼ੈਲੇ ਦੀ ਤੇਜੋ ਮੈਨੂੰ ਸਿੱਧੜਾ ਹੀ ਸਮਝਣ ਲਗੀ। ਬਾਪੂ ਤੇ ਤਾਏ ਅਰਜਨ ਹੋਰਾਂ ਨੇ ਮੇਰਾ ਨਾਂ ਹਿੰਢੀ ਧਰਿਆ। ਪਿੰਡ ਦੀ ਸਭਾ ਦੇ ਵਰਕਰਾਂ ਨੇ ਮੈਨੂੰ ਆਪਣਾ ਪ੍ਰਧਾਨ ਚੁਣ ਲਿਆ। ਪਿੰਡ ਦੇ ਸਾਧਾਰਨ ਲੋਕ ਮੈਨੂੰ ਡੂੰਗਰ ਪ੍ਰਧਾਨ ਆਖਣ ਲਗ ਪਏ। ਪੁਲਿਸ ਦੀਆਂ ਸਿਰ 'ਚ ਵੱਜੀਆਂ ਡਾਂਗਾਂ ਦਾ ਮੇਰੀ

ਨਿਗਾਹ 'ਤੇ ਬਹੁਤ ਭੈੜਾ ਅਸਰ ਪਿਆ। ਆਹ ਐਨਕਾਂ ਅੱਖਾਂ 'ਤੇ ਉਸ ਟੈਮ ਦੀਆਂ ਲਗੀਆਂ ਨੇ... ਮੇਰੇ ਪੁਲਿਸ ਚੌਕੀ ਦੇ ਆਉਣ ਤੋਂ ਬਾਅਦ ਹੀ ਕਮਲਾ, ਸਿੱਧੜਾ, ਹਿੰਢੀ ਕਹਿਣ ਵਾਲਿਆਂ ਨੇ ਜੋ ਕਹਿਣਾ ਸੀ ਕਹਿ ਦਿੱਤਾ ਪਰ ਸਾਰੇ ਇਲਾਕੇ 'ਚ ਚਰਚਾ ਹੋਈ।

ਡੂੰਗਰ ਸਿੰਘ (2): (ਜਾਰੀ ਰਖਦੇ ਹੋਏ) ਇਸ ਚਰਚਾ ਦੀ ਪਰਖ ਦਾ ਮੌਕਾ ਛੇਤੀ ਹੀ ਆ ਗਿਆ, ਜਦੋਂ ਇਕ ਦਿਨ ਮੈਂ ਆਪਣੀ ਕੋਠੜੀ ਦੇ ਬਾਹਰ ਪਿਆਰੋ ਦੀ ਆਵਾਜ਼ ਸੁਣੀ...

ਪਿਆਰੋ : (ਇਕ ਪਾਸੇ ਵੱਲੋਂ ਮੰਚ 'ਤੇ ਆਉਂਦੀ ਹੈ) ਡੂੰਗਰ ਸਿਆਂ, ਵੇ ਡੂੰਗਰ ਸਿਆਂ...

ਡੂੰਗਰ ਸਿੰਘ (2): ਕੌਣ ? ਪਿਆਰੋ ?

ਪਿਆਰੋ : ਹਾਂ ਪਿਆਰੋ, ਜਿਸਨੇ ਇਕ ਦਿਨ ਪਹਿਲਵਾਨ ਡੂੰਗਰ ਸਿੰਘ ਦੇ ਨਾਂ'ਅ ਦੀ ਝੰਡੀ ਬਣਾਈ ਸੀ, ਕਿਸੇ ਹੋਰ ਵੇਲੇ ਡੂੰਗਰ ਸਿੰਘ ਨੂੰ ਸਾਧਾਂ ਵਾਲੇ ਰੰਗ ਦੇ ਕਪੜੇ ਪਾਉਣ ਤੋਂ ਵਰਜਿਆ ਸੀ, ਅੱਜ ਕਾਮਰੇਡ ਡੂੰਗਰ ਸਿੰਘ ਲਈ ਇਕ ਵੰਗਾਰ ਲੈ ਕੇ ਆਈ ਆਂ...

ਡੂੰਗਰ ਸਿੰਘ (2): ਪਿਆਰੋ, ਮੈਂ ਤਾਂ ਹਮੇਸ਼ਾਂ ਤੇਰਾ ਦੇਣਦਾਰ ਹਾਂ, ਦੱਸ... ਛੇਤੀ ਦੱਸ ਕੀ ਵੰਗਾਰ ਲੈ ਕੇ ਆਈ ਏਂ ?

ਪਿਆਰੋ : ਮੇਰੇ ਨਾਲ ਜਗੋ ਤੇਰਵ੍ਹੀ ਹੋਈ ਏ, ਬੂੜੇ ਕਿਆਂ ਦੇ ਜ਼ੈਲਦਾਰ ਦੇ ਛੋਕਰੇ ਨੇ ਅਤੇ ਦੋ ਹੋਰ ਮੁਸ਼ਟੰਡਿਆਂ ਨੇ ਖੇਤਾਂ ਵਿਚੋਂ ਪੱਠੇ ਖੋਤਨ ਗਈ, ਮੇਰੀ ਕੁੜੀ ਨਾਲ ਜ਼ਬਰ ਜਿਨਾਹ ਕੀਤਾ ਏ... ਮੈਂ ਤੇਰੇ ਕੋਲ ਵੰਗਾਰ ਲੈ ਕੇ ਆਈ ਹਾਂ। ਕਿਉਂਕਿ ਮੈਨੂੰ ਪਤਾ ਏ ਕਿ ਧੀ ਦਾ ਬਾਪ, ਨਸ਼ਿਆਂ ਦਾ ਆਦੀ, ਜ਼ਿੰਦਗੀ ਤੋਂ ਹਾਰਿਆ ਹੋਇਆ ਬੰਦਾ ਏ... ਉਹਨੇ ਇਹ ਕਹਿਕੇ ਗੱਲ ਟਾਲ ਦਿੱਤੀ ਹੈ ਕਿ ਜੋ ਕੁਝ ਹੋਇਆ ਏ, ਇਹ ਮਜੂਰਾਂ ਦੀ ਜ਼ਿੰਦਗੀ ਦਾ ਹਿੱਸਾ ਏ, ਜ਼ੈਲਦਾਰ ਨਾਲ ਵੈਰ ਕਿਉਂ ਲਿਆ ਜਾਏ... ਮੈਂ ਤੇਰੇ ਕੋਲ ਆਈ ਹਾਂ, ਕਿਉਂਕਿ ਮੈਨੂੰ ਪਤਾ ਏ ਕਿ ਮੇਰੀ ਗਰੀਬਣੀ ਦੀ ਫਰਿਆਦ ਕਿਸੇ ਮੈਂਬਰ, ਸਰਪੰਚ ਤੇ ਥਾਣੇ ਕਚਹਿਰੀਆਂ ਵਾਲਿਆਂ ਨੇ ਨਹੀਂ ਸੁਣਨੀ।

ਡੂੰਗਰ ਸਿੰਘ (2): ਪਿਆਰੋ ਤੂੰ ਫਿਕਰ ਨਾ ਕਰ... ਅਸੀਂ ਇਸ ਵੰਗਾਰ ਨੂੰ ਕਬੂਲ ਕਰਦੇ ਹਾਂ। ਅਸੀਂ ਕੁੱਤਿਆਂ ਕਮੀਨਿਆਂ ਨਾਲ ਚੰਗੀ ਤਰ੍ਹਾਂ ਸਿੱਝਾਂਗੇ। ਇਹ ਸਾਡੇ ਲੋਕ ਘੋਲ ਦਾ ਇਕ ਹਿੱਸਾ ਹੈ। ਤੇ ਫੇਰ ਅਸੀਂ ਲੋਕ ਘੋਲ ਭਖਾਇਆ।

ਡੂੰਗਰ ਸਿੰਘ (1): ਲੋਕ ਘੋਲ ਭਖਾਉਣ ਲਈ ਅਸੀਂ ਪਹਿਲਾਂ ਆਪਣੇ ਇਲਾਕੇ ਵਿਚ ਪੈਂਦੇ ਪਿੰਡਾਂ ਦੀਆਂ ਸਭਾਵਾਂ ਦੀਆਂ ਕਮੇਟੀਆਂ ਦੀਆਂ ਮੀਟਿੰਗਾਂ

ਕਰਵਾਈਆਂ।

ਫੇਰ ਡੀ.ਸੀ. ਮੂਹਰੇ ਦੇਣ ਵਾਲੇ ਧਰਨੇ ਦੀ ਤਿਆਰੀ ਖਾਤਰ ਲਾਲ ਰੰਗ ਵਾਲਾ ਇਸ਼ਤਿਹਾਰ ਕੱਢਕੇ ਇਲਾਕਾ ਲਾਲੋ ਲਾਲ ਕੀਤਾ। ਵੱਡੀਆਂ ਵੱਡੀਆਂ ਰੈਲੀਆਂ ਕੀਤੀਆਂ।

ਇਸ ਸਾਰੀ ਮੁਹਿੰਮ 'ਚ ਪਿਆਰੋ ਹਮੇਸ਼ਾਂ ਮੂਹਰਲੀਆਂ ਸਫਾਂ ਵਿਚ ਦਿਖਾਈ ਦਿੱਤੀ।

ਬਲਾਤਕਾਰੀਆਂ ਵਿਰੁੱਧ ਬਲਾਤਕਾਰ ਦਾ ਮੁਕਦਮਾ ਦਰਜ਼ ਹੋਇਆ। ਪ੍ਰਸ਼ਾਸਨ ਨੇ ਕਈ ਅੜਚਨਾਂ ਪਾਈਆਂ ਪਰ ਲੋਕਾਂ ਨੇ ਕਚਿਹਰੀਆਂ ਘੇਰਦੇ ਹੋਏ ਪੂਰੀ ਪਹਿਰੇਦਾਰੀ ਕੀਤੀ।

ਡੂੰਗਰ ਸਿੰਘ (2): ਬਲਾਤਕਾਰੀਆਂ ਨੂੰ ਪੰਜ-ਪੰਜ ਸਾਲ ਕੈਦ ਤੇ ਦਸ-ਦਸ ਹਜ਼ਾਰ ਰੁਪਏ ਜ਼ੁਰਮਾਨੇ ਦੀ ਸਜ਼ਾ ਦਵਾਈ। ਤੇ ਸਾਡੇ ਨਾਅਰਿਆਂ ਦੀ ਗੂੰਜ ਇਲਾਕੇ ਭਰ 'ਚ ਗੂੰਜੀ।

ਲੋਕ ਏਕਤਾ, ਜ਼ਿੰਦਾਬਾਦ, ਜਗੀਰੂ ਹੈਕੜ ਚੱਕ ਦਿਆਂਗੇ, ਧੋਣ 'ਤੇ ਗੋਡਾ ਰੱਖ ਦਿਆਂਗੇ।

ਡੂੰਗਰ ਸਿੰਘ (1): ਮੇਰੇ ਜੀਵਨ ਦੀ ਅਗਲੀ ਲੜਾਈ ਜਾਂ ਲੋਕਾਂ ਦੇ ਯੁੱਧ ਦੀ ਅਗਵਾਈ ਲੜਾਈ ਗੰਗਾ ਪਾਪੀ ਦੇ ਲਾਣੇ ਨਾਲ ਲੜੀ ਲੜਾਈ ਹੈ। ਸਾਡੇ ਜੋਗਾਪੁਰ ਪਿੰਡ ਦੀ ਪੰਚਾਇਤੀ ਜ਼ਮੀਨ ਸੋ ਘੁੰਮਾਂ ਪੰਚਾਇਤੀ ਜ਼ਮੀਨ ਜੋ ਧੱਕੇ ਨਾਲ ਉਹਨੇ ਆਪਣੇ ਕਬਜ਼ੇ ਵਿਚ ਕੀਤੀ ਹੋਈ ਸੀ। ਉਹਦੇ ਚੁੰਗਲ 'ਚੋਂ ਛੁਡਵਾਈ। ਇਸੇ ਤਰ੍ਹਾਂ ਮਜ਼ਦੂਰਾਂ ਦੇ ਹਿੱਸੇ 'ਚ ਰੀਜ਼ਰਵੇਸ਼ਨ ਮੁਤਾਬਿਕ ਆਉਂਦੀ ਪੱਚੀ ਘੁੰਮਾਂ ਜ਼ਮੀਨ ਵੀ ਗੰਗਾ ਪਾਪੀ ਮਜ਼ਦੂਰਾਂ ਵਿਚਲੇ ਆਪਣੇ ਕੌਲੀ ਚੱਟ ਬਲਵੀਰੇ ਦੇ ਨਾਂ ਬੋਲੀ ਤੜਵਾ ਕੇ ਵਾਹੁੰਦਾ ਬੀਜਦਾ ਆ ਰਿਹਾ ਸੀ, ਇਹ ਵੀ ਮਜ਼ਦੂਰਾਂ ਨੇ ਰਲ ਕੇ ਉਹਦੇ ਚੁੰਗਲ ਤੋਂ ਬਚਾਈ। ਤੇ ਇਕ ਦਿਨ ਉਹ ਧਮਕੀਆਂ ਦੇਂਦਾ ਆਇਆ।

ਗੰਗਾ : ਡੂੰਗਰਾ, ਸੁਣ ਲੈ, ਇਹ ਗੱਲ ਮੈਂ ਏਲਾਨੀਆਂ ਕਹਿੰਦਾ ਹਾਂ, ਅੱਜ ਤੋਂ ਤੂੰ ਤੇ ਮੈਂ ਦੁਸ਼ਮਣ ਹੋਏ।

ਡੂੰਗਰ ਸਿੰਘ (1): ਗੰਗਿਆ, ਅਸੀਂ ਦੋਸਤ ਕਦੋਂ ਸਾਂ ? ਤੈਨੂੰ ਯਾਦ ਹੋਣੈ, ਬੜੇ ਸਾਲ ਪਹਿਲਾਂ ਜਦੋਂ ਮੇਰੀ ਝੰਡੀ ਸੱਥ 'ਚ ਗੱਡੀ ਗਈ ਸੀ ਤਾਂ ਤੂੰ ਮੇਰੀ ਸ਼ਾਦੀ ਦਾ ਮਿਹਣਾ ਮਾਰਿਆ ਸੀ।

ਗੰਗਾ : ਮਿਹਣਾ ਨਹੀਂ ਇਕ ਸੱਚ ਆਖਿਆਸੀ, ਜਿੰਨੀ ਕੁ ਤੇਰੀ ਭੋਇੰ ਸੀ, ਤੇਰੀ ਸ਼ਾਦੀ ਨਹੀਂ ਹੋਣੀ ਸੀ... ਜੇ ਹੋਈ ਵੀ ਤਾਂ ਨਾ ਹੋਣ ਵਰਗੀ ਇਕ ਬਾਲੜੀ ਨਾਲ, ਉਹ ਵੀ ਮੁੱਲ ਦੀ, ਜਿੰਨੇ ਤੁਹਾਡੇ ਘਰ ਵੀ

ਆ ਕੇ ਤੈਨੂੰ ਨਾ ਅਪਣਾਇਆ ਸਗੋਂ ਆਪਣੇ ਹਾਣ ਦੇ, ਤੇਰੇ ਭਰਾ ਨਾਲ ਖੁਲ੍ਹੇ ਆਮ ਯਾਰੀ ਲਾਈ, ਨਾਤਾ ਜੋੜਿਆ (ਟਿਚਕਰ ਨਾਲ) ਸੁਣਨ ਆਇਆ ਤੇਰੀ ਹਾਜ਼ਰੀ ਵਿਚ ਹੀ ਆਪਸ ਵਿਚ ਕਲੋਲ ਕਰਦੇ ਨੇ, ਇਕ ਦੂਜੇ ਦੇ ਮੂੰਹ 'ਚ ਰੋਟੀ ਦੀ ਗਰਾਂਈ ਪਾਉਂਦੇ ਨੇ, ਡੂੰਗਰਾ, ਤੇਰੀ ਤਾਂ ਅਣਖ ਹੀ ਮਰੀ ਹੋਈ ਏ, ਉਦਾਂ ਤੂੰ ਪ੍ਰਧਾਨ ਬਣਿਆ ਫਿਰਦਾ ਏਂ, ਸਾਡੇ ਨਾਲ ਟੱਕਰ ਲੈਂਦਾ ਏਂ...

ਡੂੰਗਰ ਸਿੰਘ (1): ਹਾਂ, ਟੱਕਰ ਲੈਂਦਾ ਹਾਂ, ਤੂੰ ਕਹਿੰਣਾ ਏ ਜੇ ਮੇਰੀ ਅਣਖ ਮੁੱਕੀ ਤਾਂ ਮੈਂ ਆਪਣੇ ਭਰਾ ਜ਼ੈਲੇ ਅਤੇ ਵਿਆਹੁਤਾ ਤੇਜੋ ਤੇ ਨਜਾਇਜ਼ ਰਿਸ਼ਤੇ ਨੂੰ ਬਰਦਾਸ਼ਤ ਨਾ ਕਰਦਾ... ਉਹਨਾਂ ਨੂੰ ਮਾਰਕੇ ਆਪ ਫਾਹੇ ਲਗ ਜਾਂਦਾ... ਪਰ ਇਹ ਚੰਗੀ ਹੋਣੀ ਸੀ ਕਿ ਮੈਨੂੰ ਸਮੇਂ ਸਿਰ ਮਾਸਟਰ ਤਰਨਜੀਤ ਦਾ ਸਾਥ ਮਿਲ ਗਿਆ... ਮੈਨੂੰ ਇਸ ਸਾਰੇ ਵਰਤਾਰੇ ਦੀ ਸਮਝ ਆਈ... ਮੈਂ ਆਪਣੇ ਆਪ ਨੂੰ ਸੰਬੋਧਨ ਹੋਇਆ... ਮੈਂ ਜਾਣ ਗਿਆ ਜੋ ਮੇਰੇ ਨਾਲ ਹੋਈ, ਇਹਦਾ ਇਕੋ ਤੇ ਇਕੋ ਕਾਰਨ ਕਿ ਮੇਰੇ ਹਿੱਸੇ ਦੀ ਭੋਇੰ ਨਾ ਹੋਣ ਦੇ ਬਰਾਬਰ ਸੀ... ਤੂੰ ਗੱਲਾਂ ਕਰ ਸਕਿਆ, ਮਿਹਣੇ ਮਾਰ ਸਕਿਆ, ਕਿਉਂਕਿ ਤੇਰੇ ਬਾਪ ਦਾਦੇ ਨੇ ਅੰਗਰੇਜ਼ਾਂ ਦੀਆਂ ਕੌਲੀਆਂ ਚੱਟ ਕੇ ਆਪਣੇ ਨਾਂ ਨਾਲ ਜਗੀਰਾਂ ਲਵਾ ਲਈਆਂ...

ਗੰਗਾ : ਕੌਲੀਆਂ ਚੱਟ ਕੇ ਨਹੀਂ.. ਸਿਆਣਪ ਵਰਤਕੇ ਉਏ ਡੂੰਗਰਾਂ ਹੈ ਤੂੰ ਤਕੜਾ ਬੰਦਾ ਏਂ, ਤੇਰੀ ਉਹ ਮਜ਼ਦੂਰਾਂ ਦੀ ਪਿਆਰੋ ਵੀ ਬੜੀ ਬੇਧੜਕ ਏ, ਸੱਚੀਂ ਤੇਰਾ ਤੇਜੋ ਦੀ ਥਾਂ ਪਿਆਰੋ ਨਾਲ ਸਾਥ ਜੁੜਦਾ ਤਾਂ ਤੁਸੀਂ ਵਾਕਈ ਇਨਕਲਾਬ ਲੈ ਆਉਣਾ ਸੀ... ਪਰ ਸਾਥ ਜੁੜਦਾ ਕਿਸ ਤਰ੍ਹਾਂ ? ਤੂੰ ਜੱਟ ਤੇ ਉਹ ਮਜ਼ਦੂਰ... ਡੂੰਗਰਾ, ਸੁਣਿਐ ਕੁਝ ਸਾਲ ਪਹਿਲਾਂ ਜਦੋਂ ਤੂੰ ਪੁਲਿਸ ਵਾਲਿਆਂ ਨਾਲ ਪੰਗਾ ਲਿਆ ਤੇ ਕੁੱਟ ਖਾਧੀ, ਹੁਣ ਉਮਰ ਨਾਲ ਉਹਦਾ ਅਸਰ ਦਿਖਣਾ ਸ਼ੁਰੂ ਹੋ ਗਿਆ, ਤੇਰੇ ਜੋੜ ਪੀੜ ਕਰਦੇ ਨੇ, ਇਕ ਰਾਤ ਤੂੰ ਆਪਣੀ ਸੁਰਤ ਹੀ ਗਵਾ ਲਈ। ਅਵਾ ਤਵਾ ਬਕਵਾਸ ਕਰਨ ਲਗ ਪਿਆ। ਜ਼ੈਲੇ ਤੇ ਤੇਜੋ ਨੇ ਰਲਕੇ ਤੈਨੂੰ ਸੰਗਲ ਪਾ ਕੇ ਕਾਬੂ ਵਿਚ ਕੀਤਾ, ਧਨੌਲੇ ਤੈਨੂੰ ਲਿਜਾ ਕੇ ਬਿਜਲੀ ਵੀ ਲਗਵਾਈ।

ਡੂੰਗਰ ਸਿੰਘ (2): ਤੂੰ ਮੇਰੇ ਬਾਰੇ ਬੜੀ ਖ਼ਬਰ ਰਖੀ ਏ...

ਗੰਗਾ : ਦੁਸ਼ਮਣ ਬਾਰੇ ਸੂਹ ਰੱਖਣੀ ਸਾਡੀ ਖਾਨਦਾਨੀ ਵਿਚ ਸ਼ਾਮਲ ਏ... ਹਾਂ ਮੈਂ ਤੈਨੂੰ ਦੁਸ਼ਮਣ ਕਿਹਾ ਹੈ, ਕਿਉਂਕਿ ਮੈਨੂੰ ਪਤਾ ਏ ਕਿ ਸਾਡੇ ਚੋਧਰੀਆਂ ਸਰਦਾਰਾਂ ਦੇ ਅਸਲੀ ਦੁਸ਼ਮਣ ਤੁਸੀਂ ਹੀ ਹੋ ਬਾਕੀ ਹੋਰ

ਕਾਮਰੇਡਾਂ ਦਾ ਸਾਨੂੰ ਹੁਣ ਫਿਕਰ ਨਹੀਂ ਕਿਉਂਕਿ ਵੋਟਾਂ ਦੇ ਚੱਕਰ ਵਿਚ ਉਹਨਾਂ ਨੇ ਇਨਕਲਾਬ ਦਾ ਰਾਹ ਕਦੋਂ ਦਾ ਛੱਡ ਦਿੱਤਾ ਏ... ਨਾਲੇ ਉਹਨਾਂ ਦੀਆਂ ਲੋੜਾਂ ਨੂੰ ਅਸੀਂ ਪੂਰਾ ਕਰਦੇ ਰਹਿੰਦੇ ਹਾਂ ਤੇ ਉਹ ਸਾਡਾ ਖਿਆਲ ਵੀ ਰਖਦੇ ਨੇ, ਤੁਸੀਂ ਜਦੋਂ ਬੋਲਦੇ ਹੋ, ਉਲਟਾ ਹੀ ਬੋਲਦੇ ਹੋ, ਅਖੇ ਜਗੀਰੂ ਹੈਂਕੜ ਤੋੜ ਦਿਆਂਗੇ, ਮਰੋੜ ਦਿਆਂਗੇ, ਤੁਹਾਨੂੰ ਇਹ ਤੋੜਨਾ ਮਰੋੜਨਾ ਮੁਬਾਰਿਕ... ਤੇ ਅਸੀਂ ਵੇਖਣਾ ਏ ਕਿ ਅਸੀਂ ਤੁਹਾਨੂੰ ਕਿਸ ਤਰ੍ਹਾਂ ਤੋੜਨਾ ਮਰੋੜਨਾ ਏ... (ਗੰਗਾ ਇਕ ਪਾਸੇ ਇਕ ਵਿਸ਼ੇਸ਼ ਮੁਦਰਾ ਵਿਚ ਚਲਦਾ ਜਾਂਦਾ ਹੈ, ਤੇ ਡੂੰਗਰ (2) ਦੂਜੇ ਪਾਸੇ ਇਕ ਰੌਂ ਵਿਚ ਕਿ ਦੇਖ ਲਵਾਂਗੇ।)

ਡੂੰਗਰ ਸਿੰਘ (1): ਲੋਕੋ ਮੈਂ ਹੁਣ ਆਪਣੀ ਦਾਸਤਾਨ ਲੰਮੀ ਨਹੀਂ ਕਰਦਾ, ਮੇਰੇ ਜੀਂਦਿਆਂ ਇਹ ਜੰਗ ਜਾਰੀ ਰਹੀ। ਮੇਰੇ ਮਰਨ ਦੇ ਬਾਅਦ ਵੀ ਜਾਰੀ ਹੈ। ਇਸ ਜੰਗ ਦਾ ਧੁਰਾ ਉਹੀ ਹੈ, ਜੋ ਇਸ ਜੰਗ ਦਾ ਸਿਪਾਹੀ ਬਣਨ ਵੇਲੇ ਇਕ ਇਸ਼ਤਿਹਾਰੀ ਦੀ ਸ਼ਕਲ ਵਿਚ ਮੇਰੇ ਸਾਹਮਣੇ ਸੀ।

ਆਵਾਜ਼ : ਮਜ਼ਦੂਰਾਂ ਕਿਸਾਨਾਂ ਨੂੰ ਉਦੋਂ ਤੱਕ ਸੁੱਖ ਦਾ ਸਾਹ ਕਿਸੇ ਕੋਲੋਂ ਨਹੀਂ ਆ ਸਕਦਾ ਜਦੋਂ ਤੱਕ ਭੋਇਂ ਤੋਂ ਜਗੀਰਦਾਰਾਂ ਦੀ ਮਾਲਕੀ ਅਤੇ ਆਮਦਨ ਦੇ ਦੂਜੇ ਵਸੀਲਿਆਂ ਤੋਂ ਦੇਸੀ ਬਦੇਸ਼ੀ ਲੋਟੂਆਂ ਦੀ ਮਾਲਕੀ ਦਾ ਭੋਗ ਨਹੀਂ ਪਾਇਆ ਜਾਂਦਾ...

ਡੂੰਗਰ ਸਿੰਘ (1): ਪਿਆਰੋ ਨੇ ਮੇਰੀ ਲਾਟ 'ਤੇ ਝੰਡੀ ਸ਼ਰਧਾ ਦੇ ਫੁੱਲ ਦੇ ਰੂਪ ਵਿਚ ਚੜ੍ਹਾਈ ਹੈ... ਮੈਨੂੰ ਜੀਂਦੇ ਜੀ ਤਾਂ ਉਹਦਾ ਹੱਥ ਫੜਕੇ ਝੰਡੀ ਉੱਚੀ ਕਰਨ ਦਾ ਮੌਕਾ ਨਹੀਂ ਮਿਲਿਆ ਪਰ ਅੱਜ ਮੈਂ ਉਹਦਾ ਹੱਥ ਫੜਕੇ ਇਹ ਝੰਡੀ ਉਚੀ ਕਰ ਰਿਹਾ ਹਾਂ... ਮਜ਼ਦੂਰ ਕਿਸਾਨ ਦੀ ਏਕਤਾ ਦੀ ਝੰਡੀ (ਇਕ ਮੁਦਰਾ ਵਿਚ ਇਹ ਨਾਟਕ ਖਤਮ ਹੁੰਦਾ ਹੈ।)

ਤੇਰੀ ਝੰਡੀ ਵੇ ਗਰੀਬਾਂ ਦੇ ਹਾਮੀਆਂ,
ਯੁੱਗ ਯੁੱਗ ਰਹੇ ਝੂਲਦੀ,
ਮੇਰੀ ਸ਼ਰਧਾ ਦੇ ਫੁੱਲਾਂ ਨੂੰ ਕਬੂਲ ਲਈਂ,
ਮੈਂ ਰਹਾਂ ਤੇਰਾ ਪਿੱਛਾ ਪੂਰਦੀ।

*(ਸਮਾਪਤ)*